## ਅਧਿਆਇ 9

# ਪਸਾਹ ਅਤੇ ਬੱਦਲ

ਪਿਛਲੇ ਕਈ ਅਧਿਆਵਾਂ ਦੇ ਵਾਂਗ, ਇਹ ਅਧਿਆਇ ਵੀ ਦੋ ਵਿਸ਼ਿਆਂ ਤੇ ਕੇਂਦਰਿਤ ਹੈ। ਪਸਾਹ ਨੂੰ ਮਨਾਉਣਾ (9:1-14) ਅਤੇ ਉਹ ਬੱਦਲ ਜਿਸ ਨੇ ਡੇਹਰੇ ਨੂੰ ਢੱਕ ਲਿਆ ਅਤੇ ਇਸਰਾਏਲੀਆਂ ਦੀ ਅਗਵਾਈ ਕੀਤੀ (9:15-23) ਸੀਨਈ ਨੂੰ ਛੱਡ ਕੇ ਵਾਅਦੇ ਦੀ ਧਰਤੀ ਵੱਲ ਨੂੰ ਸਫ਼ਰ ਕਰਨ ਦੇ ਲਈ ਇਸਰਾਏਲੀਆਂ ਦੀਆਂ ਆਖ਼ਰੀ ਤਿਆਰੀਆਂ ਬਾਰੇ ਦੱਸਦੇ ਹਨ। ਪਸਾਹ ਦੂਜੇ ਮਹੀਨੇ ਦੇ ਚੌਦਵੇਂ ਦਿਨ (9:11) ਅਰਥਾਤ ਦੂਜੇ ਮਹੀਨੇ ਦੇ ਵੀਹਵੇਂ ਦਿਨ ਇਸਰਾਏਲੀਆਂ ਦੇ ਸੀਨਈ ਤੋਂ ਕੂਚ ਕਰਨ ਤੋਂ ਛੇ ਦਿਨ ਪਹਿਲਾਂ ਮਨਾਇਆ ਗਿਆ ਸੀ, ਜਦੋਂ "ਬੱਦਲ ਸਾਖੀ ਦੇ ਡੇਹਰੇ ਦੇ ਉੱਤੋਂ ਚੁੱਕਿਆ ਗਿਆ" (10:11)।

## ਪਸਾਹ ਦਾ ਮਨਾਇਆ ਜਾਣਾ (9:1-14)

**1ਯਹੋਵਾਹ ਮੂਸਾ ਨੂੰ ਸੀਨਈ ਦੀ ਉਜਾੜ ਵਿੱਚ ਦੂਜੇ ਵਰਹੇ ਦੇ ਪਹਿਲੇ ਮਹੀਨੇ ਉਨ੍ਹਾਂ ਦੇ
ਮਿਸਰ ਦੇਸ ਤੋਂ ਨਿੱਕਲਣ ਦੇ ਮਗਰੋਂ ਬੋਲਿਆ, 2ਇਸਰਾਏਲੀ ਪਸਾਹ ਨੂੰ ਉਹ ਦੇ ਠਹਿਰਾਏ ਹੋਏ
ਸਮੇਂ ਉੱਤੇ ਮਨਾਇਆ ਕਰਨ। 3ਏਸੇ ਮਹੀਨੇ ਦੀ ਚੌਧਵੀਂ ਦੀ ਸੰਝ ਨੂੰ ਠਹਿਰਾਏ ਹੋਏ ਸਮੇਂ ਉੱਤੇ
ਤੁਸੀਂ ਮਨਾਇਆ ਕਰੋ। ਉਸ ਦੀਆਂ ਸਾਰੀਆਂ ਬਿਧੀਆਂ ਅਤੇ ਸਾਰੀਆਂ ਰੀਤਾਂ ਅਨੁਸਾਰ ਉਸ ਨੂੰ
ਮਨਾਇਆ ਕਰੋ। 4ਮੂਸਾ ਇਸਰਾਏਲੀਆਂ ਨੂੰ ਬੋਲਿਆ ਭਈ ਤੁਸੀਂ ਪਸਾਹ ਨੂੰ ਮਨਾਓ। 5ਉਪਰੰਤ
ਉਨ੍ਹਾਂ ਨੇ ਪਸਾਹ ਨੂੰ ਪਹਿਲੇ ਮਹੀਨੇ ਦੀ ਚੌਧਵੀਂ ਦੀ ਸੰਝ ਨੂੰ ਸੀਨਈ ਦੀ ਉਜਾੜ ਵਿੱਚ
ਮਨਾਇਆ। ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ ਤਿਵੇਂ ਹੀ ਇਸਰਾਏਲੀਆਂ ਨੇ ਕੀਤਾ।
6ਕਈ ਮਨੁੱਖ ਸਨ ਜਿਹੜੇ ਕਿਸੇ ਆਦਮੀ ਦੀ ਲੋਥ ਦੇ ਕਾਰਨ ਅਸ਼ੁੱਧ ਹੋ ਗਏ ਸਨ ਅਤੇ ਓਹ
ਉਸ ਦਿਨ ਉੱਤੇ ਪਸਾਹ ਨਾ ਮਨਾ ਸੱਕੇ ਤਾਂ ਓਹ ਮੂਸਾ ਅਰ ਹਾਰੂਨ ਦੇ ਅੱਗੇ ਉਸ ਦਿਨ ਹਾਜ਼ਰ
ਹੋਏ। 7ਉਨ੍ਹਾਂ ਮਨੁੱਖਾਂ ਨੇ ਉਹ ਨੂੰ ਆਖਿਆ ਭਈ ਅਸੀ ਇੱਕ ਆਦਮੀ ਦੀ ਲੋਥ ਦੇ ਕਾਰਨ ਅਸ਼ੁੱਧ
ਹਾਂ। ਅਸੀਂ ਕਿਉਂ ਰੁਕੇ ਰਹੀਏ ਕਿ ਅਸੀਂ ਯਹੋਵਾਹ ਦਾ ਚੜ੍ਹਾਵਾ ਠਹਿਰਾਏ ਹੋਏ ਸਮੇਂ ਉੱਤੇ
ਇਸਰਾਏਲੀਆਂ ਦੇ ਵਿੱਚ ਨਾ ਚੜ੍ਹਾਈਏ? 8ਤਾਂ ਮੂਸਾ ਨੇ ਉਨ੍ਹਾਂ ਨੂੰ ਆਖਿਆ, ਠਹਿਰੋ ਅਤੇ ਮੈਂ
ਸੁਣਾਂਗਾ ਜਿਹੜਾ ਹੁਕਮ ਯਹੋਵਾਹ ਤੁਹਾਡੇ ਲਈ ਦੇਵੇਗਾ। 9ਫੇਰ ਯਹੋਵਾਹ ਮੂਸਾ ਨੂੰ ਬੋਲਿਆ,
10ਇਸਰਾਏਲੀਆਂ ਨੂੰ ਬੋਲ ਕਿ ਜੇ ਕੋਈ ਮਨੁੱਖ ਕਿਸੇ ਲੋਥ ਅਥਵਾ ਕਿਸੇ ਲੰਮੇ ਪੈਂਡੇ ਦੇ ਕਾਰਨ
ਅਸ਼ੁੱਧ ਹੋ ਗਿਆ ਹੋਵੇ, ਭਾਵੇਂ ਤੁਹਾਡੇ ਵਿੱਚੋਂ ਭਾਵੇਂ ਤੁਹਾਡੀ ਅੰਸ ਵਿੱਚੋਂ ਤਾਂ ਵੀ ਉਹ ਯਹੋਵਾਹ ਦੀ
ਪਸਾਹ ਮਨਾਵੇ। 11ਦੂਜੇ ਮਹੀਨੇ ਦੀ ਚੌਧਵੀਂ ਦੀ ਸੰਝ ਨੂੰ ਉਹ ਨੂੰ ਮਨਾਉਣ। ਪਤੀਰੀ ਰੋਟੀ ਅਤੇ
ਕੌੜੀ ਭਾਜੀ ਨਾਲ ਓਹ ਉਹ ਨੂੰ ਖਾਣ 12ਅਤੇ ਸਵੇਰ ਤੀਕ ਕੁਝ ਬਾਕੀ ਨਾ ਛੱਡਣ ਅਤੇ ਨਾ ਹੀ
ਉਹ ਦੀ ਹੱਡੀ ਤੋੜਨ। ਪਸਾਹ ਦੀ ਸਾਰੀ ਬਿਧੀ ਅਨੁਸਾਰ ਉਹ ਨੂੰ ਮਨਾਉਣ। 13ਪਰੰਤੂ ਜਿਹੜਾ
ਮਨੁੱਖ ਸ਼ੁੱਧ ਹੋਵੇ ਅਤੇ ਪੈਂਡੇ ਵਿੱਚ ਵੀ ਨਾ ਹੋਵੇ ਜੇ ਉਹ ਪਸਾਹ ਮਨਾਉਣ ਤੋਂ ਇਨਕਾਰੀ ਹੋਵੇ ਤਾਂ
ਉਹ ਪ੍ਰਾਣੀ ਆਪਣਿਆਂ ਲੋਕਾਂ ਵਿੱਚੋਂ ਛੇਕਿਆ ਜਾਵੇ ਕਿਉਂ ਜੋ ਉਹ ਨੇ ਯਹੋਵਾਹ ਦਾ ਚੜ੍ਹਾਵਾ**

**ਠਹਿਰਾਏ ਹੋਏ ਸਮੇਂ ਉੱਤੇ ਨਹੀਂ ਚੜ੍ਹਾਇਆ।** [14]**ਜੇਕਰ ਤੁਹਾਡੇ ਵਿੱਚ ਕੋਈ ਪਰਦੇਸੀ ਟਿਕਿਆ ਹੋਇਆ ਹੋਵੇ ਅਤੇ ਉਹ ਯਹੋਵਾਹ ਲਈ ਪਸਾਹ ਮਨਾਉਣੀ ਚਾਹੇ ਤਾਂ ਉਹ ਪਸਾਹ ਦੀ ਬਿਧੀ ਅਤੇ ਉਹ ਦੀ ਰੀਤੀ ਅਨੁਸਾਰ ਮਨਾਵੇ। ਤੁਹਾਡੇ ਲਈ ਇੱਕੋ ਹੀ ਬਿਧੀ ਹੋਵੇ, ਪਰਦੇਸੀ ਲਈ ਵੀ ਅਤੇ ਦੇਸ ਦੇ ਜੰਮੇ ਹੋਏ ਲਈ ਵੀ।**

**ਆਇਤਾਂ 1-5.** ਯਹੋਵਾਹ ਦਾ ਹੁਕਮ ਸੀ ਕਿ **ਪਸਾਹ ਨੂੰ ਉਹ ਦੇ ਠਹਿਰਾਏ ਹੋਏ ਸਮੇਂ ਉੱਤੇ ਮਨਾਇਆ ਕਰੋ**, ਜੋ [ਪਹਿਲੇ] **ਮਹੀਨੇ ਦੀ ਚੌਧਵੀਂ** ਸੀ। ਯਹੂਦੀ ਕਲੰਡਰ ਤੇ ਪਹਿਲਾ ਮਹੀਨਾ ਅਬੀਬ ਸੀ, ਜਿਸ ਨੂੰ ਬਾਅਦ ਵਿਚ ਨਿਸਾਨ ਕਿਹਾ ਗਿਆ ਸੀ ਜੋ ਕਿ ਆਧੁਨਿਕ ਕਲੰਡਰ ਤੇ ਮਾਰਚ/ਅਪ੍ਰੈਲ ਦੇ ਮਹੀਨੇ ਬਰਾਬਰ ਸੀ (ਵੇਖੋ ਕੂਚ 12:2)। ਇਹ ਵਿਸ਼ੇਸ਼ ਹੁਕਮ **ਸੀਨਈ ਦੀ ਉਜਾੜ ਵਿੱਚ ਦੂਜੇ ਵਰਹੇ ਦੇ ਪਹਿਲੇ ਮਹੀਨੇ ਉਨ੍ਹਾਂ ਦੇ ਮਿਸਰ ਦੇਸ ਤੋਂ ਨਿੱਕਲਣ ਦੇ ਮਗਰੋਂ** ਦਿੱਤਾ ਗਿਆ ਸੀ (ਵੇਖੋ *ਵਾਧੂ ਅਧਿਐਨ: ਗਿਣਤੀ 7 ਅਤੇ 9 ਵਿਚ ਦਿੱਤੇ ਗਏ ਕਾਲਕ੍ਰਮ ਸੂਚਕ*, ਸਫ਼ਾ 160)। ਪਸਾਹ ਨੂੰ ਮਨਾਉਣ ਦਾ ਹੁਕਮ ਅਤੇ ਇਸ ਦਾ ਅਸਲ ਵਿਚ ਮਨਾਇਆ ਜਾਣਾ ਦੋਵੇਂ ਗਿਣਤੀ ਕਰਨ ਦੇ ਹੁਕਮ ਤੋਂ ਪਹਿਲਾਂ ਸਨ (1:1)। ਇਸਰਾਏਲੀਆਂ ਨੇ ਪਸਾਹ ਨੂੰ **ਉਸ ਦੀਆਂ ਸਾਰੀਆਂ ਬਿਧੀਆਂ ਅਤੇ ਸਾਰੀਆਂ ਰੀਤਾਂ ਅਨੁਸਾਰ** ਮਨਾਉਣਾ ਸੀ। ਉਨ੍ਹਾਂ ਨੇ ਉਵੇਂ ਹੀ ਕੀਤਾ ਜਿਵੇਂ ਉਨ੍ਹਾਂ ਨੂੰ **ਯਹੋਵਾਹ ਨੇ ਹੁਕਮ ਦਿੱਤਾ ਸੀ।**

**ਸੰਝ** ਸ਼ਾਬਦਿਕ ਤੌਰ ਤੇ "ਦੋ ਸ਼ਾਮਾਂ ਦੇ ਵਿਚਕਾਰ ਦਾ ਸਮਾਂ" ਹੈ।[1] ਇਸ ਸ਼ਬਦਾਵਲੀ ਦੀ ਵੱਖ-ਵੱਖ ਤਰੀਕਿਆਂ ਨਾਲ ਵਿਆਖਿਆ ਕੀਤੀ ਗਈ ਹੈ, ਪਰ ਸ਼ਾਇਦ ਇਸ ਦਾ ਅਰਥ ਹੈ "ਸੂਰਜ ਡੁੱਬਣ ਅਤੇ ਪੂਰਾ ਹਨੇਰਾ ਹੋਣ" ਦੇ ਵਿਚਕਾਰ ਦਾ ਸਮਾਂ।

ਇਸਰਾਏਲੀਆਂ ਦੀ ਆਗਿਆਕਾਰੀ ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਗਿਣਤੀ ਦੀ ਪੁਸਤਕ ਪਹਿਲੇ ਦਸ ਅਧਿਆਵਾਂ ਵਿਚ ਇਸਰਾਏਲੀਆਂ ਨੂੰ ਉਨ੍ਹਾਂ ਦੇ ਤੌਰ ਤੇ ਪੇਸ਼ ਕੀਤਾ ਗਿਆ ਹੈ ਜਿਹੜੇ ਪਰਮੇਸ਼ੁਰ ਦੇ ਹੁਕਮਾਂ ਦੇ ਪ੍ਰਤੀ ਪੂਰੀ ਤਰ੍ਹਾਂ ਆਗਿਆਕਾਰੀ ਸਨ - ਜੋ ਕਿ ਪੁਸਤਕ ਵਿਚ ਅੱਗੇ ਜਾ ਕੇ ਕੌਮ ਦੇ ਵਿਹਾਰ ਦੇ ਬਿਲਕੁਲ ਉਲਟ ਹੈ।

ਸਭ ਤੋਂ ਪਹਿਲਾ ਪਸਾਹ ਇਸਰਾਏਲੀਆਂ ਦੇ ਮਿਸਰ ਵਿੱਚੋਂ ਕੂਚ ਕਰਨ ਤੋਂ ਇਕ ਰਾਤ ਪਹਿਲਾਂ ਮਨਾਇਆ ਗਿਆ ਸੀ। ਪਰਮੇਸ਼ੁਰ ਨੇ ਮਿਸਰ ਉੱਤੇ ਦਸਵੀਂ ਬਵਾ, ਪਲੋਠਿਆਂ ਦੀ ਮੌਤ ਘੱਲੀ ਪਰ ਇਸਰਾਏਲੀਆਂ ਨੂੰ ਬਚਾਉਣ ਦਾ ਵਾਅਦਾ ਕੀਤਾ ਸੀ। ਹਰੇਕ ਪਰਿਵਾਰ ਨੇ ਉਨ੍ਹਾਂ ਦੇ ਘਰਾਂ ਦੇ ਦੋਹੀਂ ਬਾਹੀਂ ਅਤੇ ਸੇਰੂ ਉੱਤੇ ਲੇਲੇ ਦਾ ਲਹੂ ਲਾਉਣਾ। ਜਦੋਂ ਪਰਮੇਸ਼ੁਰ ਨੇ ਉਹ ਲਹੂ ਵੇਖਿਆ, ਉਹ ਉਸ ਘਰ ਦੇ "ਉੱਤੋਂ ਦੀ ਲੰਘ ਗਿਆ" ਅਤੇ ਉਸ ਘਰ ਦੇ ਪਲੋਠਿਆਂ ਨੂੰ ਨਹੀਂ ਮਾਰਿਆ (ਵੇਖੋ ਕੂਚ 12:13, 23, 27)। ਪਸਾਹ ਦਾ ਪਰਬ ਉਸ ਮੌਕੇ ਨੂੰ ਅਤੇ ਗੁਲਾਮੀ ਵਿੱਚੋਂ ਅਜ਼ਾਦੀ ਨੂੰ ਚੇਤੇ ਕਰਾਉਂਦਾ ਸੀ। ਪਸਾਹ (ਅਤੇ ਪਤੀਰੀ ਰੋਟੀ ਦਾ ਪਰਬ ਜਿਸ ਦੇ ਨਾਲ ਇਹ ਜੁੜਿਆ ਹੋਇਆ ਹੈ) ਨੂੰ ਮਨਾਉਣ ਦੇ ਲਈ ਹਦਾਇਤਾਂ ਕੂਚ 12 ਅਤੇ 13 ਅਧਿਆਵਾਂ ਵਿਚ ਮਿਲਦੀਆਂ ਹਨ ਅਤੇ ਪੰਚਗ੍ਰੰਥ ਦੇ ਹੋਰ ਭਾਗਾਂ ਵਿਚ ਵਿਸਤਾਰ ਨਾਲ ਦਿੱਤੀਆਂ ਗਈਆਂ ਹਨ (ਕੂਚ 23:14-17; ਲੇਵੀਆਂ 23:5-14; ਗਿਣਤੀ 28:16-25; ਬਿਵਸਥਾ ਸਾਰ 16:1-8)। ਦੂਜੇ ਵਰਹੇ ਦੇ ਪਹਿਲੇ ਮਹੀਨੇ ਦੀ ਚੌਧਵੀਂ ਨੂੰ ਮਨਾਇਆ ਗਿਆ ਪਸਾਹ ਇਸਰਾਏਲੀਆਂ ਦੁਆਰਾ ਮਨਾਇਆ ਗਿਆ ਦੂਜਾ ਪਸਾਹ ਹੋਵੇਗਾ ਅਤੇ ਇਸ ਨੇ ਉਨ੍ਹਾਂ ਨੂੰ ਮਿਸਰ ਵਿੱਚੋਂ ਉਨ੍ਹਾਂ ਦੇ ਛੁਟਕਾਰੇ ਦੀ ਪਹਿਲੀ ਵਰ੍ਹੇਗੰਢ ਦੇ ਬਾਰੇ ਚੇਤੇ ਕਰਾਇਆ ਹੋਵੇਗਾ।

**ਆਇਤਾਂ 6, 7.** ਜਦੋਂ ਪਸਾਹ ਮਨਾਇਆ ਜਾ ਰਿਹਾ ਸੀ, **ਕਈ ਮਨੁੱਖ ਸਨ ਜਿਹੜੇ ਆਦਮੀ ਦੀ ਲੋਥ ਦੇ ਕਾਰਨ ਅਸ਼ੁੱਧ ਹੋ ਗਏ ਸਨ** ਮੂਸਾ ਅਤੇ ਹਾਰੂਨ ਦੇ ਕੋਲ ਇਕ ਸਵਾਲ ਪੁੱਛਣ ਦੇ ਲਈ ਆਏ: **ਅਸੀ ਇੱਕ ਆਦਮੀ ਦੀ ਲੋਥ ਦੇ ਕਾਰਨ ਅਸ਼ੁੱਧ ਹਾਂ। ਅਸੀਂ ਕਿਉਂ ਰੁਕੇ ਰਹੀਏ ਕਿ ਅਸੀਂ**

**ਯਹੋਵਾਹ ਦਾ ਚੜ੍ਹਾਵਾ ਠਹਿਰਾਏ ਹੋਏ ਸਮੇਂ ਉੱਤੇ ਇਸਰਾਏਲੀਆਂ ਦੇ ਵਿੱਚ ਨਾ ਚੜ੍ਹਾਈਏ?** ਇਨ੍ਹਾਂ ਮਨੁੱਖਾਂ ਦੇ ਜਿਨ੍ਹਾਂ ਦੇ ਨਾਮ ਨਹੀਂ ਦੱਸੇ ਗਏ ਹਨ ਕਈ ਗੁਣ ਸ਼ਲਾਘਾਯੋਗ ਹਨ। (1) ਉਨ੍ਹਾਂ ਨੇ ਆਪਣੀ ਅਸ਼ੁੱਧਤਾਈ ਨੂੰ ਪਛਾਣ ਲਿਆ ਅਤੇ ਬਿਵਸਥਾ ਦੀਆਂ ਸ਼ਰਤਾਂ ਦੇ ਬਾਰੇ ਚਿੰਤਤ ਸਨ। (2) ਉਹ ਪਸਾਹ ਵਿਚ ਹਿੱਸਾ ਲੈਣਾ ਅਤੇ ਪਰਮੇਸ਼ੁਰ ਅੱਗੇ ਭੇਟ ਚੜ੍ਹਾਉਣਾ ਚਾਹੁੰਦੇ ਸਨ। (3) ਉਨ੍ਹਾਂ ਨੇ ਸਹੀ ਸ੍ਰੋਤ - ਮੂਸਾ ਅਰਥਾਤ ਪਰਮੇਸ਼ੁਰ ਦੇ ਨੁਮਾਇੰਦੇ ਤੋਂ ਮਾਰਗ-ਦਰਸ਼ਨ ਪਾਉਣਾ ਚਾਹਿਆ।

**ਆਇਤ 8.** ਰੱਬੀ ਮਾਰਗ-ਦਰਸ਼ਨ ਨੂੰ ਭਾਲਦਿਆਂ, ਮੂਸਾ ਉਹ ਸਵਾਲ ਪਰਮੇਸ਼ੁਰ ਦੇ ਅੱਗੇ ਲੈ ਕੇ ਗਿਆ। ਉਸ ਨੇ ਉਨ੍ਹਾਂ ਮਨੁੱਖਾਂ ਨੂੰ ਆਖਿਆ, **ਠਹਿਰੋ ਅਤੇ ਮੈਂ ਸੁਣਾਂਗਾ ਜਿਹੜਾ ਹੁਕਮ ਯਹੋਵਾਹ ਤੁਹਾਡੇ ਲਈ ਦੇਵੇਗਾ।**

**ਆਇਤਾਂ 9-13.** ਪਰਮੇਸ਼ੁਰ ਨੇ ਜਵਾਬ ਦਿੱਤਾ ਕਿ ਉਹ ਜਿਹੜੇ **ਅਸ਼ੁੱਧ** ਸਨ ਜਾਂ ਪਸਾਹ ਦੇ ਲਈ ਠਹਿਰਾਏ ਸਮੇਂ ਤੇ **ਕਿਸੇ ਲੰਮੇ ਪੈਂਡੇ ਤੇ** ਸਨ ਇਕ ਮਹੀਨੇ ਬਾਅਦ (ਜ਼ਿਵ ਦੇ ਮਹੀਨੇ ਦੌਰਾਨ) ਪਸਾਹ ਨੂੰ ਮਨਾ ਸਕਦੇ ਸਨ। ਇਹ ਸਮਾਂ ਅਵਧੀ ਅਸ਼ੁੱਧ ਵਿਅਕਤੀ ਨੂੰ ਮੁੜ ਤੋਂ ਰਸਮੀ ਸ਼ੁੱਧਤਾ ਨੂੰ ਹਾਸਲ ਕਰਨ ਅਤੇ ਮੁਸਾਫ਼ਰ ਨੂੰ ਆਪਣੇ ਘਰ ਵਿਚ ਪਰਤਣ ਦਾ ਸਮਾਂ ਦੇਵੇਗੀ।[2] ਪਰ, ਯਹੋਵਾਹ ਨੇ ਇਸ ਨਾਲ ਦੋ ਸ਼ਰਤਾਂ ਜੋੜ ਦਿੱਤੀਆਂ ਜਿਨ੍ਹਾਂ ਨੂੰ ਪੂਰਾ ਕਰਨ ਤੇ ਕੋਈ ਵੀ ਵਿਅਕਤੀ ਜਿਸ ਨੇ ਪਸਾਹ ਨਹੀਂ ਸੀ ਮਨਾਇਆ ਕਬੂਲ ਕੀਤਾ ਜਾ ਸਕਦਾ ਸੀ। ਪਹਿਲੀ ਸ਼ਰਤ, ਉਸ ਨੂੰ ਸਹੀ ਢੰਗ ਨਾਲ **ਉਹ ਮਨਾਉਣਾ ਪੈਣਾ** ਸੀ, **ਪਸਾਹ ਦੀ ਸਾਰੀ ਬਿਧੀ ਅਨੁਸਾਰ।** ਉਸ ਨੂੰ ਪਸਾਹ ਦਾ ਲੇਲਾ ਪਤੀਰੀ ਰੋਟੀ ਅਤੇ ਕੌੜੀ ਭਾਜੀ ਨਾਲ ਖਾਣਾ ਪੈਣਾ ਸੀ (ਕੂਚ 12:8); ਇਹ ਸਾਰੇ ਦਾ ਸਾਰਾ ਖਾਣਾ ਪੈਣਾ ਸੀ, **ਸਵੇਰ ਤੱਕ ਕੁਝ ਵੀ ਬਾਕੀ ਨਹੀਂ** ਸੀ ਛੱਡਣਾ (ਕੂਚ 12:10) ਅਤੇ ਉਹ ਨੇ **ਉਸ ਦੀ ਕੋਈ ਹੱਡੀ ਨਹੀਂ ਸੀ ਤੋੜਨੀ** (ਕੂਚ 12:46)। ਦੂਜੀ ਸ਼ਰਤ, ਉਹ ਜਾਣਬੁੱਝ ਕੇ ਪਸਾਹ ਨੂੰ ਮਨਾਉਣਾ ਨਹੀਂ ਭੁੱਲਿਆ ਹੋਵੇਗਾ। ਉਹ ਵਿਅਕਤੀ ਜਿਹੜਾ **ਪਸਾਹ ਮਨਾਉਣ ਤੋਂ ਇਨਕਾਰੀ** [ਹੋਇਆ] ਉਸ ਨੇ **ਆਪਣਿਆਂ ਲੋਕਾਂ ਵਿੱਚੋਂ ਛੇਕਿਆ ਜਾਣਾ** ਸੀ ਅਤੇ **ਆਪਣਾ ਪਾਪ ਆਪ ਚੁੱਕਣਾ** ਸੀ। ਡਬਲਿਯੂ. ਐਚ. ਬੈਲਿੰਗਰ, ਜੂਨੀਅਰ, ਨੇ ਸੋਚਿਆ ਕਿ "ਉਸ ਦੇ ਆਪਣੇ ਲੋਕਾਂ ਵਿੱਚੋਂ ਛੇਕੇ ਜਾਣ" ਦਾ ਅਰਥ "ਮੌਤ ਦੀ ਸਜ਼ਾ, ਰੱਬੀ ਸਜ਼ਾ, ਜਾਂ ਸਮਾਜ ਵਿਚ ਛੇਕਣਾ" ਸਮਝਿਆ ਜਾਣਾ ਚਾਹੀਦਾ ਹੈ।[3]

**ਆਇਤ 14.** ਅੰਤ ਵਿਚ, ਯਹੋਵਾਹ ਨੇ ਮੂਸਾ ਅਤੇ ਇਸਰਾਏਲੀਆਂ ਨੂੰ ਚੇਤੇ ਕਰਾਇਆ ਕਿ ਉਨ੍ਹਾਂ ਵਿਚ ਰਹਿ ਰਹੇ **ਪਰਦੇਸੀ** (ਗੈਰ-ਇਸਰਾਏਲੀ) ਨਾਲ ਕੋਈ ਭੇਦਭਾਵ ਨਹੀਂ ਕੀਤਾ ਜਾਣਾ ਚਾਹੀਦਾ ਸੀ, ਬਲਕਿ ਉਸ ਨੂੰ **ਪਸਾਹ ਦੀ ਬਿਧੀ ਅਤੇ ਉਹ ਦੀ ਰੀਤੀ ਅਨੁਸਾਰ ਦੇਸ ਦੇ ਜੰਮੇ ਹੋਏ** (ਇਸਰਾਏਲੀ) ਦੇ ਵਾਂਗ ਪਸਾਹ ਨੂੰ ਮਨਾਉਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਸੀ। "ਪਸਾਹ ਦੀ ਬਿਧੀ" ਇਹ ਪ੍ਰਦਾਨ ਕਰਦੀ ਸੀ ਕਿ ਪਰਦੇਸੀ ਪਸਾਹ ਵਿਚ ਤਦ ਹੀ ਹਿੱਸਾ ਲੈ ਸਕਦਾ ਦੀ ਜੇਕਰ ਉਸ ਦੀ ਸੁੰਨਤ ਹੋਈ ਹੁੰਦੀ ਸੀ ਕਿਉਂਕਿ ਸੁੰਨਤ ਕਰਾਉਣ ਨਾਲ ਅਸਲ ਵਿਚ ਉਹ ਇਸਰਾਏਲੀ ਬਣ ਜਾਂਦਾ ਸੀ (ਕੂਚ 12:43-49)।

ਆਇਤ 14 ਦੇ ਸੰਬੰਧ ਵਿਚ ਦੋ ਹੋਰ ਨਿਰੀਖਣ ਕੀਤੇ ਗਏ ਹਨ। ਪਹਿਲਾ, ਆਇਤ 10 ਵਿਚ ਪੈਂਡਾ ਕਰਨ ਵਾਲੇ ਸੰਬੰਧੀ ਬਿਧੀ ਵਾਂਗ, ਪਰਦੇਸੀ ਸੰਬੰਧੀ ਇਹ ਨਿਯਮ "ਸਿਰਫ ਥੋੜ੍ਹਾ ਜਿਹਾ ਉਜਾੜ ਸਮੁਦਾਏ ਦੇ ਲਈ ਢੁਕਵਾਂ ਹੈ ਅਤੇ ਸਪੱਸ਼ਟ ਤੌਰ ਤੇ ਕਨਾਨ ਵਿਚ ਜੀਵਨ ਨੂੰ ਵੇਖਦਾ ਹੈ।"[4] ਦੂਜਾ, "ਪਰਦੇਸੀ" (גֵּר, *ਜਰ)* ਸ਼ਬਦ ਹੋਰ ਦੂਜੀ ਸ਼ਰੇਣੀ ਦੇ ਲੋਕਾਂ ਤੋਂ ਬਿਲਕੁਲ ਵੱਖਰਾ ਖੜ੍ਹਾ ਹੈ ਜਿਹੜੇ ਇਸਰਾਏਲੀਆਂ ਵਿਚ ਰਹਿੰਦੇ ਸਨ (ਜਾਂ ਰਹਿਣਗੇ) ਪਰ ਉਨ੍ਹਾਂ ਨੂੰ ਪਸਾਹ ਖਾਣ ਦੀ ਮਨਾਹੀ ਸੀ (ਕੂਚ 12:43, 45)।[5] NASB ਬਾਈਬਲ ਵਿਚ, ਇਨ੍ਹਾਂ ਸ਼ਰੇਣੀਆਂ

ਵਿਚ “ਓਪਰਾ” (בֶּן־נֵכָר, *ਬੈਨ-ਨੇਕਰ)*, “ਪਰਦੇਸੀ” (תּוֹשָׁב, *ਥੋਸ਼ਾਬ)* ਅਤੇ “ਕਿਰਾਏ ਤੇ ਲਏ ਗਏ ਦਾਸ” (שָׂכִיר, *ਸਾਕਿਰ)* ਸ਼ਾਮਲ ਹਨ।

ਸੰਭਵ ਤੌਰ ਤੇ, ਇਸ “ਪਸਾਹ” ਵਾਲਾ ਹਵਾਲਾ ਗਿਣਤੀ ਦੀ ਪੁਸਤਕ ਦੀ ਲਿਖਤ ਵਿਚ ਉਸ ਸਵਾਲ ਦਾ ਜਵਾਬ ਦੇਣ ਲਈ ਸ਼ਾਮਲ ਕੀਤਾ ਗਿਆ ਸੀ ਜੋ ਇਨ੍ਹਾਂ ਮਨੁੱਖਾਂ ਦੁਆਰਾ ਪੁੱਛਿਆ ਗਿਆ ਸੀ। ਉਨ੍ਹਾਂ ਦੇ ਸਵਾਲ, ਮੂਸਾ ਦੀ ਪ੍ਰਤੀਕਿਰਿਆ ਅਤੇ ਪਰਮੇਸ਼ੁਰ ਦਾ ਜਵਾਬ ਇਸ ਗੱਲ ਦੀ ਉਦਾਹਰਣ ਦਿੰਦਾ ਹੈ ਕਿ ਕਿਵੇਂ ਪਰਮੇਸ਼ੁਰ ਨੇ ਉਜਾੜ ਵਿਚ ਉਨ੍ਹਾਂ ਦੇ ਸਫ਼ਰ ਦੌਰਾਨ ਆਪਣੀ ਪਰਜਾ ਤੇ ਆਪਣੀਆਂ ਬਹੁਤ ਸਾਰੀਆਂ ਬਿਧੀਆਂ ਨੂੰ ਪਰਗਟ ਕੀਤਾ ਸੀ। ਵਿਅਕਤੀਗਤ ਘਟਨਾਵਾਂ ਨੇ ਬਹੁਤ ਸਾਰੇ ਸਵਾਲ ਖੜ੍ਹੇ ਕੀਤੇ ਜਿਨ੍ਹਾਂ ਦਾ ਜਵਾਬ ਜਾਂ ਤਾਂ ਪਰਮੇਸ਼ੁਰ ਵੱਲੋਂ ਸਿੱਧੇ ਪਰਕਾਸ਼ ਦੇ ਰਾਹੀਂ ਜਾਂ ਪਰਮੇਸ਼ੁਰ ਦੇ ਨੁਮਾਇੰਦੇ ਅਤੇ ਇਸਰਾਏਲ ਨੂੰ ਬਿਵਸਥਾ ਦੇਣ ਵਾਲੇ ਮੂਸਾ ਦੁਆਰਾ ਨਿਆਂ ਕਰਨ ਦੇ ਰਾਹੀਂ ਦਿੱਤਾ ਗਿਆ ਸੀ। ਫਿਰ ਉਹ ਜਵਾਬ ਕਾਨੂੰਨੀ ਉਦਾਹਰਣ ਬਣ ਗਏ; ਉਹ ਬਿਵਸਥਾ ਦਾ ਓਨਾ ਹੀ ਹਿੱਸਾ ਬਣ ਗਏ ਜਿਨ੍ਹਾਂ ਕਿ ਉਹ ਬਿਧੀਆਂ ਅਤੇ ਕਾਨੂੰਨ ਜੋ ਮੂਸਾ ਨੂੰ ਸੀਨਈ ਪਹਾੜ ਉੱਤੇ ਦਿੱਤੇ ਗਏ ਸਨ। ਘਟਨਾਵਾਂ ਦੇ ਹੋਰ ਉਦਾਹਰਣ ਲੇਵੀਆਂ 24:10-16 ਅਤੇ ਗਿਣਤੀ 15:32-41; 27:1-11; 36:1-9 ਵਿਚ ਮਿਲ ਸਕਦੇ ਹਨ।

## ਬੱਦਲ ਨਾਲ ਅਗਵਾਈ ਕਰਨਾ (9:15-23)

**15ਜਿਸ ਦਿਨ ਡੇਹਰਾ ਖੜਾ ਕੀਤਾ ਗਿਆ ਤਾਂ ਬੱਦਲ ਨੇ ਡੇਹਰੇ ਨੂੰ ਸਾਖੀ ਦੇ ਤੰਬੂ ਤੀਕ ਢੱਕ
ਲਿਆ ਅਤੇ ਸੰਝ ਨੂੰ ਡੇਹਰੇ ਉੱਤੇ ਸਵੇਰ ਤੀਕ ਅੱਗ ਜੇਹੀ ਦਿਸਦੀ ਰਹੀ। 16ਇਉਂ ਸਦਾ ਹੀ ਹੁੰਦਾ
ਸੀ। ਬੱਦਲ ਉਹ ਨੂੰ ਢੱਕਦਾ ਹੁੰਦਾ ਸੀ ਅਤੇ ਰਾਤ ਨੂੰ ਅੱਗ ਦਿਸਦੀ ਹੁੰਦੀ ਸੀ। 17ਜਦ ਕਦੀ
ਬੱਦਲ ਤੰਬੂ ਦੇ ਉੱਤੋਂ ਚੁੱਕਿਆ ਜਾਂਦਾ ਸੀ ਤਾਂ ਉਸ ਦੇ ਮਗਰੋਂ ਇਸਰਾਏਲੀ ਕੂਚ ਕਰਦੇ ਸਨ ਅਤੇ
ਜਿਸ ਥਾਂ ਬੱਦਲ ਠਹਿਰਦਾ ਸੀ ਉੱਥੇ ਇਸਰਾਏਲੀ ਡੇਰੇ ਲਾਉਂਦੇ ਸਨ। 18ਯਹੋਵਾਹ ਦੇ ਹੁਕਮ ਉੱਤੇ
ਇਸਰਾਏਲੀ ਕੂਚ ਕਰਦੇ ਸਨ ਅਤੇ ਯਹੋਵਾਹ ਦੇ ਹੁਕਮ ਨਾਲ ਡੇਰੇ ਲਾਉਂਦੇ ਸਨ। ਜਿੰਨਾ ਚਿਰ
ਬੱਦਲ ਡੇਹਰੇ ਦੇ ਉੱਤੇ ਠਹਿਰਦਾ ਸੀ ਓਹ ਆਪਣੇ ਡੇਰੇ ਵਿੱਚ ਰਹਿੰਦੇ ਸਨ। 19ਜਦ ਬੱਦਲ ਡੇਹਰੇ
ਉੱਤੇ ਬਹੁਤੇ ਦਿਨਾਂ ਤੀਕ ਠਹਿਰਿਆ ਰਹਿੰਦਾ ਸੀ ਤਾਂ ਇਸਰਾਏਲੀ ਯਹੋਵਾਹ ਦੇ ਹੁਕਮ ਨੂੰ ਮੰਨਦੇ
ਹੋਏ ਕੂਚ ਨਹੀਂ ਕਰਦੇ ਸਨ। 20ਕਦੀ ਕਦੀ ਬੱਦਲ ਥੋੜੇ ਦਿਨ ਡੇਹਰੇ ਦੇ ਉੱਤੇ ਰਹਿੰਦਾ ਸੀ ਤਦ
ਯਹੋਵਾਹ ਦੇ ਹੁਕਮ ਅਨੁਸਾਰ ਓਹ ਡੇਰੇ ਵਿੱਚ ਰਹਿੰਦੇ ਸਨ ਅਤੇ ਫੇਰ ਯਹੋਵਾਹ ਦੇ ਹੁਕਮ
ਅਨੁਸਾਰ ਕੂਚ ਕਰਦੇ ਸਨ। 21ਅਤੇ ਕਦੀ ਕਦੀ ਬੱਦਲ ਸੰਝ ਤੋਂ ਸਵੇਰ ਤੀਕ ਹੁੰਦਾ ਸੀ ਤਾਂ ਜਦ
ਸਵੇਰ ਨੂੰ ਬੱਦਲ ਚੁੱਕਿਆ ਜਾਂਦਾ ਸੀ ਤਾਂ ਓਹ ਕੂਚ ਕਰਦੇ ਸਨ। ਭਾਵੇਂ ਦਿਨ ਨੂੰ ਭਾਵੇਂ ਰਾਤ ਨੂੰ
ਜਦ ਬੱਦਲ ਚੁੱਕਿਆ ਜਾਂਦਾ ਸੀ ਤਦ ਓਹ ਕੂਚ ਕਰਦੇ ਸਨ। 22ਭਾਵੇਂ ਦੋ ਦਿਨ ਭਾਵੇਂ ਮਹੀਨਾ
ਭਾਵੇਂ ਢੇਰ ਚਿਰ ਬੱਦਲ ਡੇਹਰੇ ਉੱਤੇ ਠਹਿਰਿਆ ਰਹਿੰਦਾ ਸੀ ਤਾਂ ਇਸਰਾਏਲੀ ਡੇਰੇ ਵਿੱਚ ਰਹਿੰਦੇ
ਹੁੰਦੇ ਸਨ ਅਤੇ ਕੂਚ ਨਹੀਂ ਕਰਦੇ ਸਨ ਅਤੇ ਜਦ ਉਹ ਚੁੱਕਿਆ ਜਾਂਦਾ ਸੀ ਤਾਂ ਓਹ ਕੂਚ ਕਰਦੇ
ਸਨ। 23ਯਹੋਵਾਹ ਦੇ ਹੁਕਮ ਨਾਲ ਓਹ ਡੇਰੇ ਲਾਉਂਦੇ ਸਨ ਅਤੇ ਯਹੋਵਾਹ ਦੇ ਹੁਕਮ ਨਾਲ ਓਹ
ਕੂਚ ਕਰਦੇ ਸਨ। ਯਹੋਵਾਹ ਦੀ ਆਗਿਆ ਨੂੰ ਓਹ ਮੰਨਦੇ ਸਨ ਜਿਵੇਂ ਯਹੋਵਾਹ ਮੂਸਾ ਦੇ ਰਾਹੀਂ
ਹੁਕਮ ਦਿੰਦਾ ਸੀ।**

ਇਸ ਅਧਿਆਇ ਦਾ ਦੂਜਾ ਹਿੱਸਾ ਇਹ ਵਰਣਨ ਕਰਦਾ ਹੈ ਕਿ ਕਿਵੇਂ ਇਸਰਾਏਲੀਆਂ ਦੀ ਬੱਦਲ ਨਾਲ ਅਗਵਾਈ ਕੀਤੀ ਗਈ ਸੀ, ਜੋ ਕਿ ਵਾਅਦੇ ਦੀ ਧਰਤੀ ਵੱਲ ਨੂੰ ਜਾਂਦਿਆਂ ਉਨ੍ਹਾਂ ਦੇ ਸਫ਼ਰ ਵਿਚ ਪਰਮੇਸ਼ੁਰ ਦੀ ਹਜ਼ੂਰੀ ਨੂੰ ਦਰਸਾਉਂਦਾ ਸੀ। ਇਹ ਹਵਾਲਾ ਉਸ ਜਾਣਕਾਰੀ ਨੂੰ

ਵਿਸਤ੍ਰਿਤ ਰੂਪ ਵਿਚ ਦੱਸਦਾ ਹੈ ਜੋ ਕੂਚ 40:34-38 ਵਿਚ ਬੱਦਲ ਦੇ ਬਾਰੇ ਦਿੱਤੀ ਗਈ ਸੀ।

**ਆਇਤਾਂ 15, 16.** ਇਹ ਆਇਤਾਂ ਦੱਸਦੀਆਂ ਹਨ ਕਿ **ਬੱਦਲ** (עָנָן, *ਅਨਨ)* **ਨੇ ਡੇਹਰੇ ਨੂੰ ਢੱਕ ਲਿਆ** ਜਿਸ ਦਿਨ ਡੇਹਰਾ ਖੜਾ ਕੀਤਾ ਗਿਆ ਸੀ ਅਤੇ ਇਹ ਉੱਥੇ ਹੀ ਠਹਿਰਿਆ ਰਿਹਾ। ਹਾਲਾਂਕਿ ਇਸ ਲਿਖਤ ਦੁਆਰਾ ਨਹੀਂ ਦੱਸਿਆ ਗਿਆ ਹੈ, ਇਹ ਸਮਾਂ ਮਿਸਰ ਵਿੱਚੋਂ ਨਿੱਕਲਣ ਤੋਂ ਬਾਅਦ ਦੂਜੇ ਵਰਹੇ ਦੇ ਪਹਿਲੇ ਮਹੀਨੇ ਦਾ ਪਹਿਲਾ ਦਿਨ ਸੀ (ਵੇਖੋ ਕੂਚ 40:2, 17, 34, 35)। ਪਰਮੇਸ਼ੁਰ ਦੀ ਹਜ਼ੂਰੀ ਦਿਨ ਦੇ ਸਮੇਂ ਬੱਦਲ ਜਿਹੀ ਦਿੱਸਦੀ ਸੀ ਅਤੇ **ਰਾਤ ਨੂੰ ਅੱਗ ਜਿਹੀ ਦਿੱਸਦੀ** ਹੁੰਦੀ ਸੀ। ਇਉਂ **ਸਦਾ ਹੀ ਹੁੰਦਾ** ਸੀ।

**ਆਇਤਾਂ 17-23.** ਇਸਰਾਏਲੀ ਬੱਦਲ ਦੇ ਪਿੱਛੇ-ਪਿੱਛੇ ਚੱਲਦੇ ਸਨ: ਜਦੋਂ ਇਹ ਹਿੱਲਦਾ ਸੀ, ਤਾਂ ਉਸ ਦੇ ਮਗਰੋਂ ਉਹ **ਕੂਚ ਕਰਦੇ ਸਨ** ਅਤੇ ਜਦੋਂ ਇਹ ਇਕ ਥਾਂ **ਠਹਿਰਦਾ ਸੀ** - ਭਾਵੇਂ ਇਹ ਕਿੰਨੇ ਵੀ ਲੰਬੇ ਜਾਂ ਥੋੜ੍ਹੇ ਸਮੇਂ ਦੇ ਲਈ ਹੋਵੇ - ਉਹ **ਡੇਰੇ ਲਾਉਂਦੇ ਸਨ**। ਜਿੰਨਾ ਸਮਾਂ ਉਹ ਇਕ ਥਾਂ ਠਹਿਰਦੇ ਸਨ ਉਹ ਵੱਖ-ਵੱਖ ਸਮਾਂ ਸੀ। **ਜਿੰਨਾ ਚਿਰ ਬੱਦਲ ਡੇਹਰੇ ਦੇ ਉੱਤੇ ਠਹਿਰਦਾ ਸੀ ਓਹ ਆਪਣੇ ਡੇਰੇ ਵਿੱਚ ਰਹਿੰਦੇ ਸਨ।** ਅਸੀਂ **ਬਹੁਤ ਦਿਨਾਂ** (9:19), **ਥੋੜੇ ਦਿਨ** (9:20), **ਸੰਝ ਤੋਂ ਸਵੇਰ ਤੀਕ, ਭਾਵੇਂ ਦਿਨ ਨੂੰ ਭਾਵੇਂ ਰਾਤ ਨੂੰ** (9:21) ਅਤੇ **ਦੋ ਦਿਨ ਭਾਵੇਂ ਮਹੀਨਾ ਭਾਵੇਂ ਢੇਰ ਚਿਰ** (9:22) ਬਾਰੇ ਪੜ੍ਹਦੇ ਹਾਂ। "ਢੇਰ ਚਿਰ" ਸ਼ਬਦ ਜਿਸ ਦਾ ਅਨੁਵਾਦ ਇਬਰਾਨੀ ਸ਼ਬਦ יָמִים *(ਯਾਮਿਮ)* ਤੋਂ ਕੀਤਾ ਗਿਆ ਹੈ ਸ਼ਾਬਦਿਕ ਤੌਰ ਤੇ ਉਸ ਦਾ ਅਰਥ "ਕਈ ਦਿਨ" ਹੁੰਦਾ ਹੈ। ਇਹ ਆਮ ਤੌਰ ਤੇ ਇਕ ਲੰਬੀ ਸਮਾਂ ਅਵਧਿ ਦਾ ਹਵਾਲਾ ਦੇ ਸਕਦਾ ਹੈ, ਪਰ ਇਸ ਬਹੁਵਚਨ ਰੂਪ ਦੀ ਵਰਤੋਂ ਅਕਸਰ ਇਕ ਪੂਰੇ ਸਾਲ ਦੇ ਲਈ ਕੀਤੀ ਗਈ ਹੈ।[6] ਇਹ ਹਵਾਲਾ ਬੱਦਲ ਦੇ ਹਿੱਲਣ ਜਾਂ ਇਕ ਥਾਂ ਤੋਂ ਦੂਜੀ ਥਾਂ ਤੇ ਜਾਣ ਨੂੰ ਯਹੋਵਾਹ ਦੇ ਹੁਕਮਾਂ ਦੇ ਬਰਾਬਰ ਮੰਨਦਾ ਹੈ। ਲਗਭਗ ਨੌਂ ਵਾਰ, ਇਹ ਹਵਾਲਾ **ਯਹੋਵਾਹ ਦੇ ਹੁਕਮ** ਜਾਂ **ਯਹੋਵਾਹ ਦੀ ਆਗਿਆ** ਦੀ ਗੱਲ ਕਰਦਾ ਹੈ, ਇਸ ਗੱਲ ਦੀ ਪੁਸ਼ਟੀ ਕਰਦੇ ਹੋਏ ਕਿ ਹਰ ਵਾਰ ਪਰਮੇਸ਼ੁਰ ਦੀ ਪਰਜਾ ਨੇ ਉਸ ਦੇ ਹੁਕਮਾਂ ਦਾ ਪਾਲਣ ਕੀਤਾ ਸੀ। ਉਦਾਹਰਣ ਦੇ ਲਈ, ਗਿਣਤੀ 9:23 ਆਖਦੀ ਹੈ, **ਯਹੋਵਾਹ ਦੇ ਹੁਕਮ ਨਾਲ ਓਹ ਡੇਰੇ ਲਾਉਂਦੇ ਸਨ ਅਤੇ ਯਹੋਵਾਹ ਦੇ ਹੁਕਮ ਨਾਲ ਓਹ ਕੂਚ ਕਰਦੇ ਸਨ। ਯਹੋਵਾਹ ਦੀ ਆਗਿਆ ਨੂੰ ਓਹ ਮੰਨਦੇ ਸਨ ਜਿਵੇਂ ਯਹੋਵਾਹ ਮੂਸਾ ਦੇ ਰਾਹੀਂ ਹੁਕਮ ਦਿੰਦਾ ਸੀ।** ਇਕ ਵਾਰ ਫੇਰ, ਜ਼ੋਰ ਪਰਮੇਸ਼ੁਰ ਦੇ ਪ੍ਰਤੀ ਲੋਕਾਂ ਦੀ ਆਗਿਆਕਾਰੀ ਉੱਤੇ ਹੈ।

ਇਹ ਹਵਾਲਾ ਇਤਹਾਸਕ ਦਿਸ਼੍ਰਟੀਕੋਣ ਤੋਂ ਲਿਖਿਆ ਗਿਆ ਸੀ। ਲੇਖਕ ਨੇ ਇਹ ਨਹੀਂ ਦੱਸਿਆ ਕਿ ਕਿਵੇਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਬੱਦਲ ਦੇ ਪਿੱਛੇ-ਪਿੱਛੇ ਚੱਲਣ ਦੀ ਹਦਾਇਤ ਦਿੱਤੀ ਸੀ। ਬਲਕਿ, ਭੂਤਕਾਲ ਕਿਰਿਆਵਾਂ ਦੀ ਵਰਤੋਂ ਕਰਦਿਆਂ, ਮੂਸਾ ਨੇ ਇਕ ਸੰਪੂਰਨ ਸਫ਼ਰ ਦੇ ਦ੍ਰਿਸ਼ਟੀਕੋਣ ਤੋਂ ਲਿਖਿਆ ਸੀ - ਉਸ ਸਮੇਂ ਤੋਂ ਜਦੋਂ ਇਸਰਾਏਲੀ ਵਾਅਦੇ ਦੇ ਦੇਸ ਦੀ ਸਰਹੱਦ ਤੇ ਪਹੁੰਚ ਗਏ ਸਨ - ਇਹ ਦੱਸਣ ਲਈ ਕਿ ਕਿਵੇਂ ਉਸ ਸਫ਼ਰ ਵਿਚ ਇਸਰਾਏਲੀਆਂ ਦੀ ਅਗਵਾਈ ਕੀਤੀ ਗਈ ਸੀ। ਸਪੱਸ਼ਟ ਤੌਰ ਤੇ, ਲਿਖਤ ਇਨ੍ਹਾਂ ਘਟਨਾਵਾਂ ਵਿਚ ਹਿੱਸਾ ਲੈਣ ਵਾਲਿਆਂ ਨੂੰ ਨਹੀਂ ਬਲਕਿ ਪਾਠਕਾਂ ਨੂੰ ਇਹ ਦੱਸਣ ਦੇ ਲਈ ਲਿਖੀ ਗਈ ਸੀ ਕਿ ਇਨ੍ਹਾਂ ਘਟਨਾਵਾਂ ਦੇ ਵਾਪਰਣ ਤੋਂ ਕੁਝ ਸਮੇਂ ਬਾਅਦ ਉਜਾੜ ਵਿਚ ਕੀ ਹੋਇਆ ਸੀ। ਇਸ ਹਵਾਲੇ ਦਾ ਉਦੇਸ਼ ਪਾਠਕ ਨੂੰ ਇਸਰਾਏਲੀਆਂ ਦੇ ਸੀਨਈ ਤੋਂ ਕੂਚ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਸਫ਼ਰਾਂ ਦੇ ਵਿਰਤਾਂਤ ਦੇ ਲਈ ਤਿਆਰ ਕਰਨਾ ਹੈ, ਉਨ੍ਹਾਂ ਵਸੀਲਿਆਂ ਦਾ ਵਰਣਨ ਕਰਨ ਦੁਆਰਾ ਜਿਨ੍ਹਾਂ ਦੁਆਰਾ ਪਰਮੇਸ਼ੁਰ ਨੇ ਉਨ੍ਹਾਂ ਦੀ ਅਗਵਾਈ ਕੀਤੀ ਸੀ।

# ਪ੍ਰਾਸੰਗਿਕਤਾ

### ਪਸਾਹ ਅਤੇ ਮਸੀਹੀ ਵਿਅਕਤੀ (9:1-14)

ਕਈ ਤਰੀਕਿਆਂ ਨਾਲ, ਪਸਾਹ ਨੇ ਮਸੀਹੀ ਯੁੱਗ ਦੇ ਬਾਰੇ ਪਹਿਲਾਂ ਤੋਂ ਹੀ ਸੂਚਿਤ ਕਰ ਦਿੱਤਾ ਸੀ। ਨਵਾਂ ਨੇਮ ਸਿੱਖਿਆ ਦਿੰਦਾ ਹੈ ਕਿ ਮਸੀਹ ਸਾਡਾ ਪਸਾਹ ਦਾ ਲੇਲਾ ਹੈ (1 ਕੁਰਿੰਥੀਆਂ 5:7; ਵੇਖੋ ਯੂਹੰਨਾ 1:29)। ਉਸ ਦੀ ਮੌਤ ਪਸਾਹ ਦੇ ਪਰਬ ਦੇ ਸੰਬੰਧ ਵਿਚ ਹੋਈ ਸੀ ਅਤੇ ਸ਼ਾਇਦ ਉਸੇ ਘੜੀ ਪਸਾਹ ਦੇ ਲੇਲਿਆਂ ਨੂੰ ਮਾਰਿਆ ਜਾ ਰਿਹਾ ਸੀ। ਪਸਾਹ ਦੇ ਲੇਲੇ ਦੇ ਵਾਂਗ, ਉਸ ਦੀ ਮੌਤ ਵਿਚ ਉਸ ਦੀਆਂ ਹੱਡੀਆਂ ਨਹੀਂ ਸੀ ਤੋੜੀਆਂ ਗਈਆਂ (ਯੂਹੰਨਾ 19:36; ਵੇਖੋ ਗਿਣਤੀ 9:12)।

ਜਿਵੇਂ ਇਸਰਾਏਲੀ ਪਸਾਹ ਦੇ ਲੇਲੇ ਦੇ ਲਹੂ ਨਾਲ ਬਚਾਏ ਗਏ ਸਨ, ਅਸੀਂ ਸਾਡੇ ਪਸਾਹ ਦੇ ਲੇਲੇ ਅਰਥਾਤ ਯਿਸੂ ਮਸੀਹ ਦੇ ਲਹੂ ਨਾਲ ਬਚਾਏ ਗਏ ਹਾਂ (1 ਪਤਰਸ 1:18, 19)। ਯਿਸੂ ਨੇ ਪਸਾਹ ਦੇ ਭੋਜਨ ਦੇ ਸਮੇਂ ਪ੍ਰਭੂ ਭੋਜ ਦੀ ਸ਼ੁਰੂਆਤ ਕੀਤੀ ਸੀ, ਸਾਨੂੰ ਸਾਡੀ ਪਾਪ ਦੀ ਗੁਲਾਮੀ ਤੋਂ ਸਾਡੇ ਛੁਟਕਾਰੇ ਬਾਰੇ ਚੇਤੇ ਕਰਾਉਣ ਦੇ ਲਈ ਜੋ ਕਿ ਸਾਡੇ ਪਸਾਹ ਦੇ ਲੇਲੇ ਦੁਆਰਾ ਸਾਨੂੰ ਮਿਲਿਆ ਹੈ। ਮਸੀਹੀ ਹੋਣ ਦੇ ਨਾਤੇ, ਸਾਨੂੰ ਕਲੀਸੀਆ ਵਿਚ ਇਕੱਠੇ ਹੋਣ ਅਤੇ ਪ੍ਰਭੂ ਭੋਜ ਵਿਚ ਹਿੱਸਾ ਲੈਣ ਦੇ ਮੌਕੇ ਨੂੰ ਨਜ਼ਰਅੰਦਾਜ ਨਹੀਂ ਕਰਨਾ ਚਾਹੀਦਾ (ਇਬਰਾਨੀਆਂ 10:25)। ਸਾਨੂੰ ਸਵੀਕਾਰਯੋਗ ਤਰੀਕੇ ਨਾਲ ਇਸ ਵਿਚ ਆਪਣੇ ਸ਼ਾਮਲ ਹੋਣ ਨੂੰ ਵੀ ਯਕੀਨੀ ਬਣਾਉਣ ਦੀ ਲੋੜ ਹੈ, ਨਹੀਂ ਤਾਂ, ਅਸਲ ਵਿਚ, ਅਸੀਂ ਇਸ ਤੋਂ "ਛੇਕੇ" ਜਾਵਾਂਗੇ (1 ਕੁਰਿੰਥੀਆਂ 11:27, 30)।

### ਵਿਸਾਰਨ ਦਾ ਪਾਪ (9:1-14)

ਕੋਈ ਵੀ ਇਸਰਾਏਲੀ ਜਿਹੜਾ, ਹਾਲਾਂਕਿ ਉਸ ਦੀ ਆਪਣੀ ਕੋਈ ਗਲਤੀ ਨਹੀਂ ਸੀ, ਠਹਿਰਾਏ ਹੋਏ ਦਿਨ ਪਸਾਹ ਵਿਚ ਹਿੱਸਾ ਲੈਣ ਵਿਚ ਅਸਮਰੱਥ ਹੁੰਦਾ ਸੀ ਇਕ ਮਹੀਨੇ ਬਾਅਦ ਇਸ ਵਿਚ ਹਿੱਸਾ ਲੈ ਸਕਦਾ ਸੀ। ਪਰ, ਉਹ ਜਿਹੜਾ "ਸ਼ੁੱਧ" ਸੀ ਅਤੇ "ਲੰਮੇ ਪੈਂਡੇ ਤੇ ਨਹੀਂ" ਸੀ ਬਲਕਿ ਉਸ ਨੇ ਪਸਾਹ ਨੂੰ ਮਨਾਉਣ ਵਿਚ ਅਣਗਹਿਲੀ ਕੀਤੀ ਸੀ ਉਸ ਨੇ "ਆਪਣਿਆਂ ਲੋਕਾਂ ਵਿੱਚੋਂ ਛੇਕਿਆ ਜਾਣਾ" ਸੀ ਅਤੇ "ਆਪਣਾ ਪਾਪ ਆਪ ਚੁੱਕਣਾ" ਸੀ (9:13)। ਜਾਣਬੁੱਝ ਕੇ ਕੀਤੇ ਗਏ ਪਾਪ ਦੇ ਲਈ ਬਿਵਸਥਾ ਵਿਚ ਬਲੀਦਾਨ ਚੜ੍ਹਾਉਣ ਦੀ ਕੋਈ ਵਿਵਸਥਾ ਨਹੀਂ ਸੀ (ਵੇਖੋ 15:30, 31)। ਪਸਾਹ ਸੰਬੰਧੀ ਬਿਵਸਥਾ ਉਸ ਸਿਧਾਂਤ ਅਨੁਸਾਰ ਹੈ। ਇਹ ਸਿਰਫ ਇਸ ਵਿਚ ਅਲੱਗ ਹੈ ਕਿ ਪਸਾਹ ਨੂੰ ਨਜ਼ਰਅੰਦਾਜ਼ ਕਰਨ ਦਾ ਪਾਪ ਉਹ ਕਰਨ ਦੀ ਬਜਾਇ ਜੋ ਪਰਮੇਸ਼ੁਰ ਨੇ ਕਰਨ ਤੋਂ ਮਨ੍ਹਾ ਕੀਤਾ ਸੀ ਉਹ ਕਰਨ ਵਿਚ ਅਸਫ਼ਲ ਹੋਣ ਦਾ ਪਾਪ ਸੀ ਜੋ ਕਰਨ ਦਾ ਪਰਮੇਸ਼ੁਰ ਨੇ ਹੁਕਮ ਦਿੱਤਾ ਸੀ। ਦੋਹਾਂ ਹਾਲਾਤਾਂ ਵਿਚ, ਪਾਪੀ "ਛੇਕਿਆ" ਜਾਵੇਗਾ; ਬਿਵਸਥਾ ਆਖਦੀ ਸੀ, "... ਉਸ ਦੀ ਘੇਸ ਉਸ ਦੇ ਉੱਤੇ ਹੋਵੇਗੀ" (15:31)। ਉਸ ਤਰ੍ਹਾਂ ਨਵਾਂ ਨੇਮ ਸਿੱਖਿਆ ਦਿੰਦਾ ਹੈ ਕਿ ਉਨ੍ਹਾਂ ਮਸੀਹੀ ਲੋਕਾਂ ਦੇ ਲਈ ਕੋਈ ਬਲੀਦਾਨ ਨਹੀਂ ਹੈ ਜਿਹੜੇ ਜਾਣਬੁੱਝ ਕੇ ਪਾਪ ਕਰੀ ਜਾਂਦੇ ਹਨ, ਉਹ ਪਰਮੇਸ਼ੁਰ ਦੇ ਕ੍ਰੋਧ ਦਾ ਅਨੁਭਵ ਕਰਨਗੇ (ਇਬਰਾਨੀਆਂ 10:26-31)।

### ਆਪਣੇ ਜੀਵਨਾਂ ਦੇ ਲਈ ਪਰਮੇਸ਼ੁਰ ਦੀ ਇੱਛਾ ਨੂੰ ਲੱਭਣਾ (9:15-23)

ਕਿਉਂਕਿ ਨਵੇਂ ਨੇਮ ਦੇ ਪਰਕਾਸ਼ ਵਿਚ ਅਸੀਂ ਸਲੀਬ ਦੇ ਇਸ ਪਾਸੇ ਖੜ੍ਹੇ ਹਾਂ, ਅਸੀਂ ਆਲੋਚਨਾਤਮਕ ਤੌਰ ਤੇ ਪੁਰਾਣੇ ਨੇਮ ਵਿਚ ਉਨ੍ਹਾਂ ਦੇ, ਖਾਸਕਰ ਇਸਰਾਏਲੀਆਂ ਦੇ ਕੰਮਾਂ ਅਤੇ ਰਵੱਈਆਂ ਨੂੰ ਜਾਂਚ ਸਕਦੇ ਹਾਂ। ਜਦੋਂ ਅਸੀਂ ਉਨ੍ਹਾਂ ਸਾਰੀਆਂ ਗੱਲਾਂ ਦੇ ਬਾਰੇ ਪੜ੍ਹਦੇ ਹਾਂ ਜੋ ਉਨ੍ਹਾਂ ਨੇ

ਵੇਖੀਆਂ ਅਤੇ ਘੱਟੋ-ਘੱਟ ਅੱਧ-ਅਧੂਰੀਆਂ ਸਮਝੀਆਂ, ਅਸੀਂ ਉਨ੍ਹਾਂ ਦੀ ਬੇਪਰਤੀਤੀ ਤੇ ਆਪਣੇ ਸਿਰਾਂ ਨੂੰ ਹਿਲਾਉਂਦੇ ਹਾਂ (ਇਬਰਾਨੀਆਂ 3:17-19)। ਪਰਮੇਸ਼ੁਰ ਨਾਲ ਉਨ੍ਹਾਂ ਦਾ ਚੱਲਣਾ ਲਗਭਗ ਪੂਰੀ ਤਰ੍ਹਾਂ ਵੇਖ ਕੇ ਚੱਲਣ ਵਾਲਾ ਸੀ। ਪਰਮੇਸ਼ੁਰ ਦੀ ਅਗਵਾਈ ਜ਼ਿਆਦਾਤਰ ਅਨੁਭਵੀ ਚਾਲ ਸੀ; ਪਰਮੇਸ਼ੁਰ ਦੇ ਕੰਮ ਇਕਦਮ ਪਰਤੱਖ ਸਨ। ਗਿਣਤੀ 9:15-23 ਵਿਚ, ਮੂਸਾ ਨੇ ਕਿਹਾ ਕਿ ਜਦ ਕਦੇ ਵੀ ਪਰਮੇਸ਼ੁਰ ਚਾਹੁੰਦਾ ਸੀ ਕਿ ਉਹ ਇਕ ਥਾਂ ਤੋਂ ਦੂਜੀ ਥਾਂ ਤੇ ਜਾਣ ਉਸ ਨੇ ਉਸ ਬੱਦਲ ਨੂੰ ਅੱਗੇ ਤੋਰਿਆ ਜੋ ਡੇਹਰੇ ਦੇ ਉੱਤੇ ਖੜ੍ਹਾ ਸੀ। ਤਾਂ ਫਿਰ ਇਸਰਾਏਲ ਦੇ ਲਈ ਤੁਲਨਾਤਮਕ ਰੂਪ ਵਿਚ ਪਰਮੇਸ਼ੁਰ ਦੀਆਂ ਹਦਾਇਤਾਂ ਦਾ ਪਾਲਣ ਕਰਨਾ ਅਤੇ ਇਹ ਜਾਣਨਾ ਸਰਲ ਸੀ ਕਿ ਪਰਮੇਸ਼ੁਰ ਕੀ ਚਾਹੁੰਦਾ ਸੀ। ਜੇਕਰ ਉਹ ਕੋਈ ਫ਼ੈਸਲਾ ਕਰਾਉਣਾ ਚਾਹੁੰਦੇ ਸਨ ਜਾਂ ਬਿਵਸਥਾ ਦੇ ਹੁਕਮਾਂ ਬਾਰੇ ਜਾਣਨਾ ਚਾਹੁੰਦੇ ਸਨ, ਉਹ ਮੂਸਾ ਜਾਂ ਜਾਜਕਾਂ ਦੇ ਕੋਲ ਜਾਂਦੇ ਸਨ। ਬਿਵਸਥਾ ਹਰੇਕ ਚੀਜ਼ ਦੇ ਲਈ ਉਨ੍ਹਾਂ ਨੂੰ ਨਿਯਮ ਦਿੰਦੀ ਸੀ ਜੋ ਉਨ੍ਹਾਂ ਨੇ ਕਰਨਾ ਹੁੰਦਾ ਸੀ। ਉਹ ਸਹੀ-ਸਹੀ ਜਾਣ ਸਕਦੇ ਸਨ ਕਿ ਉਨ੍ਹਾਂ ਨੇ ਕਿਵੇਂ ਅਤੇ ਕਦੋਂ ਪਰਮੇਸ਼ੁਰ ਦੀ ਸੇਵਾ ਕਰਨੀ ਸੀ।

ਇਹ ਸਾਡੇ ਲਈ ਸਲੀਬ ਦੇ ਇਸ ਪਾਸੇ ਕਿੰਨਾ ਕੁ ਵੱਖਰਾ ਹੈ! ਪੌਲੁਸ ਨੇ ਹੁਕਮ ਦਿੱਤਾ ਸੀ ਕਿ ਅਸੀਂ "ਨਿਹਚਾ ਨਾਲ ਚੱਲਦੇ ਹਾਂ, ਨਾ ਵੇਖਣ ਨਾਲ" (2 ਕੁਰਿੰਥੀਆਂ 5:7)। ਪਰਮੇਸ਼ੁਰ ਨੇ ਨਾ ਸਿਰਫ ਨਿਯਮਾਂ ਨੂੰ ਬਦਲਿਆ ਸੀ, ਉਸ ਨੇ ਉਸ ਤਰੀਕੇ ਨੂੰ ਵੀ ਬਦਲ ਦਿੱਤਾ ਸੀ ਜਿਸ ਤਰੀਕੇ ਨਾਲ ਸਾਨੂੰ ਉਸ ਦੀ ਇੱਛਾ ਦੱਸੀ ਜਾਂਦੀ ਹੈ। ਹੁਣ ਉਹ ਬੱਦਲਾਂ ਜਾਂ ਪਹਾੜਾਂ ਉੱਤੇ ਪਰਗਟ ਨਹੀਂ ਹੁੰਦਾ ਜਾਂ ਉਜਾੜ ਵਿਚ ਅਸੱਭਿਆ ਢੰਗ ਦਾ ਪਹਿਰਾਵਾ ਪਹਿਨੇ ਨਬੀਆਂ ਦੇ ਰਾਹੀਂ ਹਦਾਇਤਾਂ ਨਹੀਂ ਭੇਜਦਾ। ਸ਼ਾਇਦ ਇਹ ਸਭ ਤੋਂ ਵੱਡੀ ਮੁਸ਼ਕਲ ਹੈ ਜਿਸ ਨਾਲ ਅਸੀਂ ਆਪਣੇ ਦਿਨ-ਬ-ਦਿਨ ਦੇ ਜੀਵਨਾਂ ਵਿਚ ਜੱਦੋ-ਜਹਿਦ ਕਰਦੇ ਹਾਂ। ਅਸੀਂ ਇਹ ਕਿਵੇਂ ਨਿਰਧਾਰਤ ਕਰਦੇ ਹਾਂ ਕਿ ਸਾਡੇ ਜੀਵਨਾਂ ਦੇ ਲਈ ਪਰਮੇਸ਼ੁਰ ਦੀ ਇੱਛਾ ਕੀ ਹੈ?

*ਬਾਈਬਲ ਦੇ ਉਦਾਹਰਣ: ਕੀ ਉਹ ਅੱਜ ਦੇ ਸਮੇਂ ਵਿਚ ਢੁਕਵੇਂ ਹਨ?* ਸਾਡੀ ਲਿਖਤ ਸਾਨੂੰ ਦੱਸਦੀ ਹੈ ਕਿ ਇਸਰਾਏਲੀਆਂ ਦੇ ਲਈ ਪਰਮੇਸ਼ੁਰ ਦੀਆਂ ਹਦਾਇਤਾਂ ਕੀ ਸਨ ਜਦੋਂ ਉਨ੍ਹਾਂ ਨੇ ਵਾਅਦੇ ਦੇ ਦੇਸ ਵੱਲ ਨੂੰ ਸਫ਼ਰ ਕੀਤਾ। ਉਨ੍ਹਾਂ ਦੇ ਚਾਲ੍ਹੀ ਸਾਲ ਉਜਾੜ ਵਿਚ ਭਟਕਣ ਤੋਂ ਬਾਅਦ, ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਹਦਾਇਤਾਂ ਦੇਣ ਦੇ ਲਈ ਸੁਰਗੀ ਚਿੰਨ੍ਹਾਂ ਨੂੰ ਵਰਤਣਾ ਬੰਦ ਕਰ ਦਿੱਤਾ। ਪੁਰਾਣੇ ਨੇਮ ਵਿਚ ਚਿੰਨ੍ਹ ਇਕ ਵਿਸ਼ੇਸ਼ ਉਦੇਸ਼ ਦੇ ਲਈ ਵਰਤੇ ਜਾਂਦੇ ਸਨ ਅਤੇ ਹਰੇਕ ਦੇ ਪਾਲਣ ਕਰਨ ਦੇ ਲਈ ਸਧਾਰਣ ਘੋਸ਼ਣਾਵਾਂ ਨਹੀਂ ਸੀ ਹੁੰਦੀਆਂ। ਅੱਜ ਉਸ ਤਰੀਕੇ ਨਾਲ ਪਰਮੇਸ਼ੁਰ ਲੋਕਾਂ ਨਾਲ ਆਪਣੀ ਇੱਛਾ ਬਾਰੇ ਗੱਲ ਨਹੀਂ ਕਰਦਾ (ਵੇਖੋ ਇਬਰਾਨੀਆਂ 1:1, 2)। ਬਹੁਤ ਸਾਰੇ ਲੋਕ ਚਿੰਨ੍ਹ ਮੰਗਣ ਦੇ ਲਈ ਗਿਦਾਊਨ ਅਤੇ ਉਸ ਦੇ ਉੱਨ ਦੇ ਫੰਬੇ ਨੂੰ ਇਕ ਆਦਰਸ਼ਕ ਉਦਾਹਰਣ ਦੇ ਰੂਪ ਵਿਚ ਵਰਤਣ ਦੀ ਕੋਸ਼ਿਸ਼ ਕਰਦੇ ਹਨ। ਕੁਝ ਪੁਸਤਕਾਂ ਦੱਸਦੀਆਂ ਹਨ ਕਿ ਅੱਜ ਮਸੀਹੀ ਲੋਕ "ਉੱਨ ਦੇ ਫੰਬੇ ਨੂੰ ਪਹਿਨਦੇ" ਹਨ। ਪਰ, ਜੇਕਰ ਅਸੀਂ ਗਿਦਾਊਨ ਦੀ ਅਨੋਖੀ ਹਾਲਤ ਦਾ ਨੇੜਿਓਂ ਅਧਿਐਨ ਕਰੀਏ ਤਾਂ ਇਹ ਦੱਸਦਾ ਹੈ ਕਿ ਉਸ ਦਾ ਅਨੁਭਵ ਨਿਹਚਾ ਨਾਲ ਚੱਲਣ ਦੀ ਬਜਾਇ ਵੇਖਣ ਨਾਲ ਚੱਲਣ ਵਾਲਾ ਸੀ। ਦੋ ਉੱਨ ਦੇ ਫੰਬਿਆਂ ਦੇ ਚਿੰਨ੍ਹ ਲਈ ਗਿਦਾਊਨ ਦੀ ਬੇਨਤੀ ਨਿਹਚਾ ਦੀ ਘਾਟ ਤੋਂ ਆਈ ਸੀ ਨਾ ਕਿ ਵਿਸ਼ੇਸ਼ ਹਦਾਇਤਾਂ ਦੇ ਲਈ ਇਸ ਇੱਛਾ ਤੋਂ ਕਿ ਉਸ ਨੇ ਆਪਣੇ ਜੀਵਨ ਵਿਚ ਪਰਮੇਸ਼ੁਰ ਦੀ ਇੱਛਾ ਨੂੰ ਕਿਵੇਂ ਪੂਰਾ ਕਰਨਾ ਸੀ। ਉਹ ਨਿਹਚਾ ਨੂੰ ਭਾਲਣ ਵਾਲਾ ਪਰਮੇਸ਼ੁਰ ਦਾ ਚੇਲਾ ਹੋਣ ਦੀ ਬਜਾਇ ਇਕ ਡਰਪੋਕ ਨਿਆਈ ਸੀ।

ਨਵੇਂ ਨੇਮ ਦੇ ਬਾਰੇ ਕੀ ਹੈ? ਕੀ ਨਵੇਂ ਨੇਮ ਵਿਚ ਉਦਾਹਰਣ ਆਦਰਸ਼ਕ ਹਨ? ਨਵੇਂ ਨੇਮ ਵਿਚ ਦਰਜ਼ ਬਹੁਤ ਸਾਰੇ ਮਾਮਲੇ ਜਿਨ੍ਹਾਂ ਦੇ ਵਿਚ ਇਕ ਵਿਅਕਤੀ ਨੂੰ ਨਵੇਂ ਨੇਮ ਵਿਚ ਸਿੱਧਾ

ਮਾਰਗ-ਦਰਸ਼ਨ ਮਿਲਿਆ ਇਹ ਕਹਿਣ ਦੇ ਲਈ ਕਾਫੀ ਹੈ ਕਿ ਪਹਿਲੀ ਸਦੀ ਵਿਚ ਮਸੀਹੀ ਵਿਅਕਤੀ ਦੇ ਲਈ ਇਹ ਇਕ ਆਮ ਗੱਲ ਜਾਂ ਰੋਜ਼ਾਨਾ ਦਾ ਅਨੁਭਵ ਸੀ। ਨਵੇਂ ਨੇਮ ਵਿਚ ਪਰਮੇਸ਼ੁਰ ਦੀ ਵੱਲੋਂ ਸਿੱਧਾ ਨਿੱਜੀ ਮਾਰਗ-ਦਰਸ਼ਨ ਦੇ ਸਿਰਫ ਪੰਦਰਾਂ ਜਾਂ ਵੀਹ ਉਦਾਹਰਣ ਆਉਂਦੇ ਹਨ। ਕਿਹਾ ਜਾਂਦਾ ਹੈ ਕਿ ਪ੍ਰਭੂ ਦੇ ਦੋ ਰਸੂਲਾਂ, ਪੌਲੁਸ ਅਤੇ ਪਤਰਸ ਤੋਂ ਇਲਾਵਾ ਸਿਰਫ ਤਿੰਨ ਹੋਰ ਲੋਕਾਂ ਨੇ ਸਿੱਧੇ ਪਰਕਾਸ਼ ਦਾ ਅਨੁਭਵ ਕੀਤਾ ਸੀ। ਸਿੱਧਾ ਪਰਕਾਸ਼ ਪ੍ਰਾਪਤ ਕਰਨ ਵਾਲੇ ਉਹ ਤਿੰਨ ਵਿਅਕਤੀ ਫ਼ਿਲਿੱਪੁਸ, ਹਨਾਨਿਯਾਹ ਅਤੇ ਕੁਰਨੇਲਿਯੁਸ ਸਨ। ਇਨ੍ਹਾਂ ਤਿੰਨਾਂ ਮਨੁੱਖਾਂ ਵਿੱਚੋਂ ਹਰੇਕ ਨੇ ਆਪਣੇ ਆਪ ਨੂੰ ਪਰਮੇਸ਼ੁਰ ਦੇ ਰਾਜ ਨੂੰ ਫੈਲਾਉਣ ਵਿਚ ਇਕ ਜੁੱਧਨੀਤਕ ਇਤਿਹਾਸਕ ਥਾਂ ਵਿਚ ਪਾਇਆ। ਫ਼ਿਲਿੱਪੁਸ ਸਾਮਰੀਆਂ ਨੂੰ ਮਸੀਹ ਵਿਚ ਲੈ ਕੇ ਆਇਆ (ਰਸੂਲਾਂ ਦੇ ਕਰਤੱਬ 8)। ਖ਼ਾਸ ਪਰਕਾਸ਼ ਦੇ ਰਾਹੀਂ, ਹਨਾਨਿਯਾਹ ਨੂੰ ਤਰਸੁਸ ਦੇ ਸੌਲੁਸ ਕੋਲ ਇਹ ਸਿਖਾਉਣ ਦੇ ਲਈ ਭੇਜਿਆ ਗਿਆ ਕਿ ਉਸ ਨੂੰ ਬਚਣ ਦੇ ਲਈ ਕੀ ਕਰਨ ਦੀ ਲੋੜ ਹੈ (ਰਸੂਲਾਂ ਦੇ ਕਰਤੱਬ 9)। ਫ਼ਿਲਿੱਪੁਸ ਨੂੰ ਹਬਸ਼ੀ ਖੋਜੇ ਕੋਲ ਭੇਜਿਆ ਗਿਆ (ਰਸੂਲਾਂ ਦੇ ਕਰਤੱਬ 8)। ਕੁਰਨੇਲਿਯੁਸ ਪਹਿਲਾ ਰੋਮੀ ਸੀ ਜਿਹੜਾ ਮਸੀਹ ਨੂੰ ਕਬੂਲ ਕਰਨ ਦੁਆਰਾ ਪਰਮੇਸ਼ੁਰ ਦੇ ਰਾਜ ਵਿਚ ਸ਼ਾਮਲ ਕੀਤਾ ਗਿਆ ਸੀ ਅਤੇ ਉਸ ਦਾ ਬਦਲਣਾ ਇਹ ਸਾਬਤ ਕਰਦਾ ਸੀ ਕਿ ਖੁਸ਼ਖ਼ਬਰੀ ਸਭਨਾਂ ਲੋਕਾਂ ਦੇ ਲਈ ਸੀ (ਰਸੂਲਾਂ ਦੇ ਕਰਤੱਬ 10)। ਇਹ ਉਦਾਹਰਣ ਰਾਜ ਦੇ ਨਤੀਜਿਆਂ ਦੇ ਲਈ ਸਨ ਅਤੇ ਜੀਵਨ ਦੇ ਸਧਾਰਣ ਕੰਮਾਂ ਦੇ ਲਈ ਨਹੀਂ ਸਨ। ਮਸੀਹੀ ਵਿਅਕਤੀ ਦੇ ਲਈ ਪਰਮੇਸ਼ੁਰ ਦੀ ਵਿਅਕਤੀਗਤ ਇੱਛਾ ਦਾ ਵਰਣਨ ਨਵੇਂ ਨੇਮ ਵਿਚ ਦਿੱਤੀਆਂ ਗਈਆਂ ਉਦਾਹਰਣਾਂ ਵਿਚ ਨਹੀਂ ਕੀਤਾ ਗਿਆ ਹੈ। ਉਨ੍ਹਾਂ ਸਾਰੇ ਫ਼ੈਸਲਿਆਂ ਦਾ ਮਸੀਹ ਦੀ ਖੁਸ਼ਖ਼ਬਰੀ ਤੇ ਕੋਈ ਨਾ ਕੋਈ ਸਿੱਧਾ ਪ੍ਰਭਾਵ ਸੀ। ਜਦ ਕਿ ਰਸੂਲਾਂ ਦੇ ਕਰਤੱਬ ਵਿੱਚੋਂ ਦਿੱਤੀਆਂ ਗਈਆਂ ਉਦਾਹਰਣਾਂ ਅਲੌਕਿਕ ਪਰਕਾਸ਼ ਦੇ ਸਪੱਸ਼ਟ ਉਦਾਹਰਣ ਨਹੀਂ ਹਨ, ਸਾਨੂੰ ਇਹ ਸਿੱਟਾ ਕੱਢਣਾ ਚਾਹੀਦਾ ਹੈ ਕਿ ਸਿੱਧਾ ਪਰਕਾਸ਼ ਅੱਜ ਗੱਲਬਾਤ ਕਰਨ ਦੇ ਲਈ ਪਰਮੇਸ਼ੁਰ ਦਾ ਆਮ ਵਸੀਲਾ ਨਹੀਂ ਹੈ।

*ਪਰਮੇਸ਼ੁਰ ਦੀ ਇੱਛਾ: ਪਰਮੇਸ਼ੁਰ ਦੀਆਂ ਕਿੰਨੀਆਂ ਇੱਛਾਵਾਂ ਹਨ?* ਪਰਮੇਸ਼ੁਰ ਦੀ ਇੱਛਾ ਬਾਰੇ ਸਹੀ ਨਜ਼ਰੀਆ ਰੱਖਣਾ ਅਕਸਰ ਬਹੁਤ ਸਾਰੇ ਲੋਕਾਂ ਦੇ ਲਈ ਇਕ ਜੱਦੋ-ਜਹਿਦ ਹੈ ਜਿਹੜੇ ਇਸ ਨੂੰ ਭਾਲਦੇ ਹਨ। ਕੀ ਅਸੀਂ ਸੱਚਮੁੱਚ ਜਾਣਨਾ ਚਾਹੁੰਦੇ ਹਾਂ ਕਿ ਸਾਡੇ ਜੀਵਨਾਂ ਦੇ ਲਈ ਉਸ ਦੀ ਇੱਛਾ ਕੀ ਹੈ? ਗੀਤ ਜੋ ਉਸ ਦੀ ਇੱਛਾ ਦੀ ਗੱਲ ਕਰਦੇ ਹਨ ਉਨ੍ਹਾਂ ਨੂੰ ਅਕਸਰ "ਤਿਆਗ," "ਸਮਰਪਣ," ਜਾਂ "ਅਜ਼ਮਾਇਸ਼" ਦੇ ਸਿਰਲੇਖਾਂ ਅਧੀਨ ਰੱਖਿਆ ਜਾਂਦਾ ਹੈ। ਅਸੀਂ ਇਹ ਮੰਨ ਲਿਆ ਹੈ ਕਿ ਪਰਮੇਸ਼ੁਰ ਦੀ ਇੱਛਾ ਅਨੰਦ ਦੇ ਵਿਰੁੱਧ ਹੈ। ਬਾਈਬਲ ਇਸ ਦੇ ਉਲਟ ਸਿੱਖਿਆ ਦਿੰਦੀ ਹੈ। ਸੱਚਾ ਅਨੰਦ, ਸ਼ਾਂਤੀ ਅਤੇ ਪੂਰਤੀ ਸਾਡੇ ਸੁਆਰਥੀਪਣ ਵਿਚ ਨਹੀਂ ਮਿਲਦੀ, ਪਰ ਉਸ ਦੀ ਇੱਛਾ ਨੂੰ ਪੂਰਾ ਕਰਨ ਵਿਚ ਮਿਲਦੀ ਹੈ।

ਪਰਮੇਸ਼ੁਰ ਦੀਆਂ ਤਿੰਨ ਇੱਛਾਵਾਂ ਹਨ: ਉਸ ਦੀ ਸ਼ਾਹੀ ਇੱਛਾ, ਉਸ ਦੀ ਨੈਤਿਕ ਇੱਛਾ ਅਤੇ ਉਸ ਦੀ ਆਗਿਆਕਾਰੀ ਇੱਛਾ। ਆਓ ਉਨ੍ਹਾਂ ਨੂੰ ਇਕ-ਇਕ ਕਰਕੇ ਵੇਖੀਏ। ਪਰਮੇਸ਼ੁਰ ਦੀ ਸ਼ਾਹੀ ਇੱਛਾ ਉਹ ਇੱਛਾ ਹੈ ਜਿਸ ਦੇ ਰਾਹੀਂ ਮਨੁੱਖ ਦੀਆਂ ਅਜ਼ਾਦ ਇੱਛਾਵਾਂ ਦੀ ਉਲੰਘਣਾ ਕੀਤੇ ਬਿਨ੍ਹਾਂ ਉਸ ਦੇ ਆਖ਼ਰੀ ਉਦੇਸ਼ ਅਤੇ ਸਦੀਪਕ ਯੋਜਨਾਵਾਂ ਪੂਰੀਆਂ ਹੁੰਦੀਆਂ ਹਨ। ਉਦਾਹਰਣ ਦੇ ਲਈ, ਪਰਮੇਸ਼ੁਰ ਨੇ ਸ਼ਤਾਨ ਨੂੰ ਮਨੁੱਖ ਨੂੰ ਪੂਰੀ ਤਰ੍ਹਾਂ ਨਾਸ ਨਹੀਂ ਕਰਨ ਦਿੱਤਾ ਜਦੋਂ ਪਾਪੀ ਸੰਸਾਰ ਵਿਚ ਜਲ ਪਰਲੋ ਆਈ। ਨੂਹ ਉੱਤੇ ਯਹੋਵਾਹ ਦੀ "ਕਿਰਪਾ ਦੀ ਨਿਗਾਹ" ਹੋਈ (ਉਤਪਤ 6:8) ਅਤੇ ਉਤਪਤ 3:15 ਦੀ ਧਰਮੀ ਸੰਤਾਨ ਦਾ ਵੰਸ਼ ਅੱਗੇ ਚੱਲਦਾ ਰਿਹਾ। ਰਸੂਲਾਂ ਦੇ ਕਰਤੱਬ 2:23 ਵਿਚ, ਪਤਰਸ ਨੇ ਆਖਿਆ ਕਿ ਯਿਸੂ ਮਸੀਹ ਨੂੰ ਸਲੀਬ ਚੜ੍ਹਾਉਣ ਵਿਚ ਭੀੜ ਦੇ ਕੰਮ ਯਹੂਦੀਆਂ ਦੀ ਯੋਜਨਾ ਨਹੀਂ ਸੀ, ਹਾਲਾਂਕਿ ਉਨ੍ਹਾਂ ਨੇ ਯਿਸੂ ਨੂੰ ਸਲੀਬ ਚੜ੍ਹਾਉਣ ਦੀ ਸਾਜਿਸ਼

ਕਈ ਮਹੀਨੇ ਪਹਿਲਾਂ ਰਚੀ ਸੀ, ਪਰ ਪਰਮੇਸ਼ੁਰ ਨੇ ਇਹ ਪਹਿਲਾਂ ਤੋਂ ਠਹਿਰਾਇਆ ਸੀ ਅਤੇ ਉਸ ਨੇ ਇਹ ਕੰਮ ਕਿਸੇ ਦੀ ਵੀ ਅਜ਼ਾਦ ਇੱਛਾ ਦੀ ਉਲੰਘਣਾ ਕੀਤੇ ਬਿਨ੍ਹਾਂ ਪੂਰਾ ਕੀਤਾ ਸੀ। ਬਾਅਦ ਵਿਚ ਪੌਲੁਸ ਨੇ ਇਸ ਨੂੰ ਪਰਮੇਸ਼ੁਰ ਦੀ ਸਦੀਪਕ ਮਨਸ਼ਾ ਆਖਿਆ ਸੀ (ਅਫ਼ਸੀਆਂ 3:10, 11)। ਉਸ ਨੇ ਲਿਖਿਆ ਕਿ ਪਰਮੇਸ਼ੁਰ ਆਪਣੀ ਸ਼ਾਹੀ ਇੱਛਾ ਨਾਲ ਸੱਭੋ ਕੁਝ ਕਾਇਮ ਰੱਖਦਾ ਹੈ (ਕੁਲੁੱਸੀਆਂ 1:17)।

ਪਰਮੇਸ਼ੁਰ ਦੀ ਇਕ ਨੈਤਿਕ ਇੱਛਾ ਹੈ। ਵਿਹਾਰਕ ਸ਼ਬਦਾਂ ਵਿਚ, ਇਹ ਪਰਮੇਸ਼ੁਰ ਦਾ ਚਰਿੱਤਰ ਹੈ। ਪੁਰਾਣੇ ਅਤੇ ਨਵੇਂ ਦੋਹਾਂ ਨੇਮਾਂ ਵਿਚ ਉਸ ਨੇ ਆਖਿਆ ਹੈ, "ਪਵਿੱਤਰ ਬਣੋ ਇਸ ਲਈ ਜੋ ਮੈਂ ਪਵਿੱਤਰ ਹਾਂ" (ਲੇਵੀਆਂ 11:44, 45; 1 ਪਤਰਸ 1:16)। ਪਰਮੇਸ਼ੁਰ ਦੀ ਪਵਿੱਤਰਤਾ ਨੂੰ ਪਰਗਟ ਕਰਨ ਦੁਆਰਾ, ਇਸਰਾਏਲੀਆਂ ਨੇ "ਕੌਮਾਂ ਲਈ ਜੋਤ" ਬਣਨਾ ਸੀ (ਯਸਾਯਾਹ 42:6)। ਮਸੀਹੀ ਹੋਣ ਦੇ ਨਾਤੇ, ਅਸੀਂ "[ਆਪਣੇ] ਚਾਨਣ ਨੂੰ ਮਨੁੱਖਾਂ ਦੇ ਸਾਹਮਣੇ ਚਮਕਣ ਦੇਣਾ ਹੈ" ਤਾਂ ਜੋ ਪਰਮੇਸ਼ੁਰ ਦੀ ਵਡਿਆਈ ਹੋਵੇ (ਮੱਤੀ 5:16)। ਸਾਨੂੰ ਪਰਮੇਸ਼ੁਰੀ ਵਿਹਾਰ ਦਾ ਨਮੂਨਾ ਪੇਸ਼ ਕਰਨਾ ਚਾਹੀਦਾ ਹੈ।

ਪਰਮੇਸ਼ੁਰ ਦੀ ਇਕ ਆਗਿਆਕਾਰੀ ਇੱਛਾ ਹੈ। ਪਰਮੇਸ਼ੁਰ ਦੀ ਪਰਗਟ ਕੀਤੀ ਹੋਈ ਇੱਛਾ ਇਹ ਹੈ ਕਿ ਸਾਰੇ ਲੋਕ ਬਚਾਏ ਜਾਣ (1 ਤਿਮੋਥਿਉਸ 2:4)। ਪਰ, ਉਹ ਹਰੇਕ ਵਿਅਕਤੀ ਨੂੰ ਜਿਸ ਰਾਹ ਤੇ ਉਹ ਵਿਅਕਤੀ ਚੱਲਣਾ ਚਾਹੁੰਦਾ ਹੈ ਚੁਣਨ ਦਿੰਦਾ ਹੈ। ਜ਼ਿਆਦਾਤਰ ਲੋਕਾਂ ਨੇ ਰਚਹਨਾਰ ਦੀ ਬਜਾਇ ਰਚਨਾ ਦਾ ਆਦਰ ਕਰਨਾ ਚੁਣਿਆ ਹੈ, ਫਿਰ ਵੀ ਪਰਮੇਸ਼ੁਰ ਅਜ਼ਾਦ ਇੱਛਾ ਨੂੰ ਰਾਜ ਕਰਨ ਦਿੰਦਾ ਹੈ (ਰਸੂਲਾਂ ਦੇ ਕਰਤੱਬ 14:16; ਰੋਮੀਆਂ 1:18-27)।

*ਮੇਰਾ ਜੀਵਨ: ਮੈਂ ਇਸ ਦੇ ਲਈ ਪਰਮੇਸ਼ੁਰ ਦੀ ਇੱਛਾ ਨੂੰ ਕਿਵੇਂ ਲੱਭਾਂ?* ਪਰਮੇਸ਼ੁਰ ਸਾਡੇ ਜੀਵਨਾਂ ਦੀ ਅਗਵਾਈ ਕਰਨ ਦੇ ਲਈ ਸਾਨੂੰ ਰੱਬੀ ਸਿਧਾਂਤ ਦਿੰਦਾ ਹੈ। ਉਹ ਕੁਝ ਹੱਦਾਂ ਨਾਲ ਸਾਨੂੰ ਆਪਣੀ ਇੱਛਾ ਦੇ ਬਾਰੇ ਦੱਸਦਾ ਹੈ, ਪਰ ਉਨ੍ਹਾਂ ਹੱਦਾਂ ਵਿਚ ਚੱਲਣ ਫਿਰਨ ਦੀ ਅਜ਼ਾਦੀ ਦਿੱਤੀ ਜਾਂਦੀ ਹੈ। ਦੋ ਉਦਾਹਰਣ ਇਸ ਗੱਲ ਦੀ ਮਿਸਾਲ ਦਿੰਦੇ ਹਨ। ਰੋਮੀਆਂ 14 ਵਿਚ, ਪੌਲੁਸ ਨੇ ਆਖਿਆ ਕਿ ਮਸੀਹੀ ਲੋਕਾਂ ਵਿਚਕਾਰ ਵੱਖ-ਵੱਖ ਜੀਵਨਸ਼ੈਲੀਆਂ ਹੋ ਸਕਦੀਆਂ ਸਨ। ਇਕ ਮਸੀਹੀ ਵਿਅਕਤੀ ਸਿਰਫ ਸਬਜੀਆਂ ਖਾਣਾ ਚੁਣ ਸਕਦਾ ਹੈ; ਕੋਈ ਹੋਰ ਮਸੀਹੀ ਵਿਅਕਤੀ ਸੋਚ ਸਕਦਾ ਹੈ ਕਿ ਮਾਸ ਖਾਣਾ ਸਹੀ ਹੈ। ਦੋਵੇਂ ਪ੍ਰਭੂ ਦੇ ਅਤੇ ਇਕ ਦੂਜੇ ਦੇ ਦਾਸ ਹਨ, ਇਸ ਲਈ ਬਹਿਸ ਕਿਉਂ (1 ਕੁਰਿੰਥੀਆਂ 8; 9)? ਪੌਲੁਸ ਨੇ ਆਖਿਆ ਕਿ ਪ੍ਰਭਾਵ ਅਤੇ ਖੁਸ਼ਖ਼ਬਰੀ ਸੰਬੰਧੀ ਕੁਝ ਫ਼ੈਸਲੇ ਉਸ ਤਰੀਕੇ ਅਨੁਸਾਰ ਲੈਣੇ ਚਾਹੀਦੇ ਹਨ ਜਿਸ ਤਰੀਕੇ ਦੇ ਹਾਲਾਤ ਹੁੰਦੇ ਹਨ। ਆਖ਼ਰਕਾਰ ਇਹ ਫ਼ੈਸਲਾ ਲੈਣਾ ਵਿਅਕਤੀ ਤੇ ਨਿਰਭਰ ਕਰਦਾ ਹੈ ਕਿ ਉਸ ਨੇ ਕਿਹੜੇ ਰਾਹ ਜਾਣਾ ਹੈ। ਦੋਹਾਂ ਹਾਲਾਤਾਂ ਵਿਚ ਇਹ ਸੁਝਾਅ ਦੇਣਾ ਨਹੀਂ ਹੈ ਕਿ ਚੰਗਾ ਅੰਤਹਕਰਨ ਸਿਰਫ ਸਾਡਾ ਮਾਰਗ-ਦਰਸ਼ਕ ਹੈ। ਸਾਡੇ ਟੀਚੇ ਬਾਈਬਲ ਅਨੁਸਾਰ ਕਾਨੂੰਨੀ ਹੋਣੇ ਚਾਹੀਦੇ ਹਨ। ਉਹ ਪਰਮੇਸ਼ੁਰ ਦੀ ਨੈਤਿਕ ਇੱਛਾ ਦੇ ਖੇਤਰ ਵਿੱਚੋਂ ਬਾਹਰ ਨਹੀਂ ਹੋ ਸਕਦੇ (ਅਫ਼ਸੀਆਂ 5:1-14)। ਜਿਵੇਂ ਵੀ ਵੱਡੇ ਫ਼ੈਸਲੇ ਅਸੀਂ ਲੈਂਦੇ ਹਾਂ, ਜਿਵੇਂ ਕਿ ਜੀਵਨਸਾਥੀ ਨੂੰ ਚੁਣਨਾ ਜਾਂ ਕਿਸੇ ਕੰਮ ਦੀ ਚੋਣ ਕਰਨਾ, ਪਰਮੇਸ਼ੁਰ ਦੀ ਨੈਤਿਕ ਇੱਛਾ ਦੀਆਂ ਹੱਦਾਂ ਦੇ ਅੰਦਰ ਹੋਣਾ ਚਾਹੀਦਾ ਹੈ। ਉਹ ਨੈਤਿਕ ਇੱਛਾ ਪੂਰੀ ਤਰ੍ਹਾਂ ਵਚਨ ਵਿਚ ਪਰਗਟ ਕੀਤੀ ਗਈ ਹੈ (2 ਤਿਮੋਥਿਉਸ 3:16, 17)।

ਸਾਨੂੰ ਸਗੋਂ ਕਾਨੂੰਨੀ ਗੱਲਾਂ ਜੋ ਅਸੀਂ ਕਰ ਸਕਦੇ ਹਾਂ ਨਿਰਧਾਰਤ ਕਰਨ ਦੇ ਲਈ ਬੁੱਧ ਭਾਲਣੀ ਚਾਹੀਦੀ ਹੈ। ਅਕਸਰ ਸਾਡੇ ਅੱਗੇ ਕਈ ਚੰਗੀਆਂ ਅਤੇ ਨੈਤਿਕ ਚੋਣਾਂ ਆਉਂਦੀਆਂ ਹਨ, ਸਾਡੀ ਹਰੇਕ ਚੋਣ ਪਰਮੇਸ਼ੁਰ ਦੀ ਮਹਿਮਾ ਦੇ ਲਈ ਹੋਣੀ ਚਾਹੀਦੀ ਹੈ। ਉੱਤਮ ਚੋਣ ਕਿਹੜੀ ਹੋਵੇਗੀ? ਬਹੁਤ ਸਾਰੇ ਹਵਾਲੇ ਦੱਸਦੇ ਹਨ ਕਿ ਸਾਨੂੰ ਪਰਮੇਸ਼ੁਰ ਕੋਲੋਂ ਬੁੱਧ ਮੰਗਣੀ ਚਾਹੀਦੀ ਹੈ

ਅਤੇ ਬੁੱਧ ਦੀ ਵਰਤੋਂ ਕਰਨੀ ਚਾਹੀਦੀ ਹੈ (ਅਫ਼ਸੀਆਂ 5:15-17; ਯਾਕੂਬ 3:13-18)। ਪ੍ਰਾਰਥਨਾ ਬੁੱਧ ਨਾਲ ਬਹੁਤ ਹੀ ਨੇੜਿਓਂ ਜੁੜੀ ਹੋਈ ਹੈ (ਯਾਕੂਬ 4:2)।

ਪੌਲੁਸ ਨੇ ਆਖਿਆ ਕਿ ਪਰਮੇਸ਼ੁਰ ਉਸ ਦੀ ਇੱਛਾ ਨੂੰ ਪੂਰਾ ਕਰਨ ਲਈ ਸਾਡੀ ਖੋਜ ਵਿਚ ਉਸ ਦੇ ਨਿੱਜੀ ਰੂਪ ਵਿਚ ਸਾਡੇ ਅੰਦਰ ਵੱਸਣ ਰਾਹੀਂ ਸਾਡੀ ਮਦਦ ਕਰਦਾ ਹੈ (ਫ਼ਿਲਿੱਪੀਆਂ 2:13)। ਉਹ ਸਾਨੂੰ ਉਸ ਵਿਚ ਭਰੋਸਾ ਕਰਨ ਦਿੰਦਾ ਹੈ। ਆਗਿਆਕਾਰੀ ਦਾ ਹਰੇਕ ਕਾਰਜ ਸਾਡੇ ਜੀਵਨਾਂ ਵਿਚ ਪਰਮੇਸ਼ੁਰ ਦੀ ਸ਼ਮੂਲੀਅਤ ਦਾ ਸਬੂਤ ਹੈ (ਰੋਮੀਆਂ 8:5-8)। ਅਸੀਂ ਨਿਹਚਾ ਦਾ ਪ੍ਰਦਰਸ਼ਨ ਕਰਦੇ ਹਾਂ ਜਦੋਂ ਅਸੀਂ ਜਾਣਬੁੱਝ ਕੇ ਆਗਿਆ ਦਾ ਪਾਲਣ ਕਰਦੇ ਹਾਂ ਜਿਸ ਨੂੰ ਅਸੀਂ ਪਰਮੇਸ਼ੁਰ ਦੀ ਨੈਤਿਕ ਇੱਛਾ ਸਮਝਦੇ ਹਾਂ ਅਤੇ ਸਾਡੇ ਫ਼ੈਸਲਿਆਂ ਵਿਚ ਪਰਮੇਸ਼ੁਰ ਦੇ ਸਿਧਾਂਤਾਂ ਨੂੰ ਲਾਗੂ ਕਰਨਾ ਚਾਹੁੰਦੇ ਹਾਂ। ਅਸੀਂ ਭਰੋਸੇ ਨੂੰ ਵਿਅਕਤ ਕਰਦੇ ਹਾਂ ਜਦੋਂ ਅਸੀਂ ਪਰਮੇਸ਼ੁਰ ਨੂੰ ਉਸ ਦੇ ਵਚਨ ਵਿਚ ਗੰਭੀਰਤਾ ਨਾਲ ਲੈਂਦੇ ਹਾਂ ਅਤੇ ਜਦੋਂ ਅਸੀਂ ਸਮਝਦੇ ਹਾਂ ਕਿ ਪਰਮੇਸ਼ੁਰ ਚਾਹੁੰਦਾ ਹੈ ਕਿ ਅਜ਼ਾਦੀ ਦੇ ਖੇਤਰ ਅੰਦਰ ਫ਼ੈਸਲੇ ਸਾਡੇ ਦੁਆਰਾ ਲਏ ਜਾਣੇ ਹਨ। ਇਹ ਉਸ ਦੀ ਨੈਤਿਕ ਅਗਵਾਈ ਦੇ ਜਵਾਬ ਵਿਚ ਹੈ।

*ਸਿੱਟਾ।* ਸਾਡੇ ਲਈ ਪਰਮੇਸ਼ੁਰ ਦੀ ਚੁਣੌਤੀ ਉਸ ਦੀ ਸ਼ਾਹੀ ਅਤੇ ਨੈਤਿਕ ਇੱਛਾ ਪ੍ਰਤੀ ਆਗਿਆਕਾਰੀ ਹੈ। ਉਹ ਸਾਡੇ ਜੀਵਨਾਂ ਵਿਚ ਕੰਮ ਕਰਦਾ ਹੈ ਅਤੇ ਸਾਡੀ ਅਜ਼ਾਦ ਇੱਛਾ ਦੇ ਅੰਦਰ, ਸਾਡੀ ਉੱਤਮ ਚਾਲ ਵਿਚ ਸਾਡੀ ਅਗਵਾਈ ਕਰਦਾ ਹੈ ਜੋ ਅਸੀਂ ਇਸ ਪੂਰੇ ਜੀਵਨ ਵਿਚ ਚੱਲਦੇ ਹਾਂ।

---

ਟਿੱਪਣੀਆਂ

[1]ਐਰਿਲ ਡਬਲਿਯੂ. ਡੇਵੀਸ ਦੀ ਪੁਸਤਕ ਦ ਨਿਊ ਸੈਂਚੁਰੀ ਬਾਈਬਲ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1995) ਵਿਚ ਸਫ਼ੇ 81-82 ਤੇ *ਗਿਣਤੀ* ਹੈ। [2]ਆਰ. ਕੇ. ਹੈਰੀਸਨ ਦੀ ਪੁਸਤਕ, *ਗਿਣਤੀ: ਐਨ ਐਕਸਜੈਟੀਕਲ ਕਮੈਂਟਰੀ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1992), 160. [3]ਡਬਲਿਯੂ. ਐਚ. ਬੈਲਿੰਗਰ, ਜੂਨੀਅਰ, *ਲੇਵੀਆਂ ਦੀ ਪੋਥੀ, ਗਿਣਤੀ*, ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ (ਪੀਬੌਡੀ, ਮਾਸਾਚੁਸਟੈਸ: ਹੈਂਡਰਿਕਸਨ ਪਬਲਿਸ਼ਰਜ਼, 2001), 214; ਗੋਰਡਨ ਜੇ. ਵੈਨਹਮ ਦੀ ਪੁਸਤਕ ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1981) ਵਿਚ ਸਫ਼ਾ 99 ਤੇ *ਗਿਣਤੀ* ਵੇਖੋ। [4]ਟਿਮੋਥੀ ਆਰ. ਐਸ਼ਲੀ ਦੀ ਪੁਸਤਕ ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1993) ਵਿਚ ਸਫ਼ਾ 181 ਤੇ *ਗਿਣਤੀ ਦੀ ਪੁਸਤਕ* ਹੈ। [5]ਉਸੇ ਸਥਾਨ ਤੇ। [6]ਫਰਾਂਸਿਸ ਬਰਾਊਨ, ਐਸ. ਆਰ. ਡਰਾਈਵਰ ਅਤੇ ਚਾਰਲਸ ਏ. ਬਰਿੱਗਸ, *ਏ ਹਿਬਰੂ ਐਂਡ ਇੰਗਲਿਸ਼ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ* (ਔਕਸਫੋਰਡ: ਕਲੈਰਨਡਨ ਪ੍ਰੈਸ, 1972), 399.